Excellence in Agri Info
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

KHETI DUNIYAN, PATIALA
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 20-07-2024 • Vol.42 No.29 • Ph. : 0175-2214575, 90410-14575 • Page : 16 | E-mail : khetiduniyan1983@gmail.com



## ਪੀ.ਏ.ਯੂ. ਵਲੋਂ ਹਾੜ੍ਹੀ ਦੇ ਕਿਸਾਨ ਮੇਲਿਆਂ ਦੀਆਂ ਤਰੀਕਾਂ ਦਾ ਐਲਾਨ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ ਦੀ ਰਹਿਨੁਮਾਈ ਹੇਠ ਸਤੰਬਰ ਤੋਂ ਹਾੜ੍ਹੀ ਦੇ ਕਿਸਾਨ ਮੇਲਿਆਂ ਦੀ ਲੜੀ ਸ਼ੁਰੂ ਹੋਣ ਜਾ ਰਹੀ ਹੈ। ਮੇਲਿਆਂ ਦੀ ਲੜੀ ਵਿਚ ਪਹਿਲਾ ਮੇਲਾ 3 ਸੰਤਬਰ ਨੂੰ ਅੰਮ੍ਰਿਤਸਰ ਵਿਖੇ ਅਤੇ ਦੂਜਾ ਮੇਲਾ 6 ਸਤੰਬਰ ਨੂੰ ਬਲੋਵਾਲ ਸੌਂਖੜੀ ਵਿਖੇ ਲਗਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਤੀਜਾ ਮੇਲਾ 10 ਸਤੰਬਰ ਨੂੰ ਫਰੀਦਕੋਟ ਵਿਖੇ ਲਗਾਇਆ ਜਾਏਗਾ। 13-14 ਸਤੰਬਰ ਅਤੇ 18 ਸਤੰਬਰ ਨੂੰ ਕਿਸਾਨ ਮੇਲੇ ਕ੍ਰਮਵਾਰ ਪੀ.ਏ.ਯੂ. ਲੁਧਿਆਣਾ ਅਤੇ ਆਰ.ਆਰ. ਐਸ ਗੁਰਦਾਸਪੁਰ ਵਿਖੇ ਲਗਾਏ ਜਾਣਗੇ। ਪਟਿਆਲਾ ਵਿਚੇ ਕਿਸਾਨ ਮੇਲਾ 24 ਸਤੰਬਰ ਅਤੇ ਅਖੀਰਲਾ ਮੇਲਾ 27 ਸਤੰਬਰ ਨੂੰ ਬਠਿੰਡਾ ਵਿਖੇ ਲਗਾਇਆ ਜਾਵੇਗਾ। ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਸਾਨ ਵੀਰਾਂ ਅਤੇ ਬੀਬੀਆਂ ਨੂੰ ਇਹਨਾਂ ਮੇਲਿਆਂ ਵਿਚ ਹੁੰਮ-ਹੁੰਮਾ ਕੇ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ ਹੈ।

# ਮਾਲਵਾ ਖੇਤਰ ਵਿੱਚ ਨਰਮੇ 'ਤੇ ਚਿੱਟੀ ਮੱਖੀ ਦਾ ਹਮਲਾ

ਮਾਲਵਾ ਖੇਤਰ ਅੰਦਰ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ ਵਧ ਗਿਆ ਹੈ, ਜਿਸ ਕਾਰਨ ਕਿਸਾਨਾਂ ਦੇ ਨਾਲ ਨਾਲ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਲਗਾਤਾਰ ਨਰਮੇ ਦੀ ਫਸਲ ਦਾ ਨਿਰੀਖਣ ਕਰਕੇ ਕਿਸਾਨਾਂ ਨੂੰ ਕੀੜੇਮਾਰ ਦਵਾਈਆਂ ਦੇ ਛਿੜਕਾਅ ਦੀ ਸਲਾਹ ਦੇ ਰਹੇ ਹਨ, ਪਰ ਜੇਕਰ ਮੌਸਮ ਇਸੇ ਤਰ੍ਹਾਂ ਹੀ ਖੁਸ਼ਕ ਰਿਹਾ ਤਾਂ ਅਗਲੇ ਦਿਨਾਂ ਵਿਚ ਚਿੱਟੀ ਮੱਖੀ ਦਾ ਹਮਲਾ ਹੋਰ ਤੇਜ਼ ਹੋ ਸਕਦਾ ਹੈ। ਭਾਵੇਂ ਦੋ ਦਿਨ ਪਹਿਲਾਂ ਖੇਤੀ ਮਾਹਿਰਾਂ ਵੱਲੋਂ ਜਦੋਂ ਨਰਮੇ ਦੀ ਫਸਲ ਦੀ ਨਿਰੀਖਣ ਕੀਤਾ ਗਿਆ ਤਾਂ ਉਸ ਸਮੇਂ ਪ੍ਰਤੀ ਪੱਤਾ ਛੇ ਤੋਂ ਸੱਤ ਚਿੱਟੀ ਮੱਖੀਆਂ ਮਿਲ ਰਹੀਆਂ ਸਨ ਪਰ ਅੱਜ ਜਦੋਂ ਖੇਤੀਬਾੜੀ ਵਿਭਾਗ ਦੀ ਟੀਮ ਨੇ ਵੱਖ-ਵੱਖ ਖੇਤਰਾਂ ਦੇ ਨਰਮੇ ਦੀ ਫਸਲ ਦਾ ਨਿਰੀਖਣ ਕੀਤਾ ਤਾਂ ਚਿੱਟੀ ਮੱਖੀ ਦੀ ਗਿਣਤੀ ਪ੍ਰਤੀ ਪੱਤਾ 15 ਤੋਂ ਲੈ ਕੇ 20 ਤੱਕ ਪਾਈ ਗਈ ਹੈ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ ਲਗਾਤਾਰ ਵਧ ਰਿਹਾ ਹੈ ਇਸ ਤੋਂ ਇਲਾਵਾ ਜ਼ਿਲ੍ਹਾ ਫਾਜ਼ਿਲਕਾ ਅਤੇ ਮਾਨਸਾ ਵਿਚ ਚਿੱਟੀ ਮੱਖੀ ਦੇ ਨਾਲ ਨਾਲ ਨਰਮੇ ਦੀ ਫਸਲ ਉਪਰ ਗੁਲਾਬੀ ਸੁੰਡੀ ਦਾ ਹਮਲਾ ਵੀ ਹੋਇਆ ਹੈ।

**ਸੂਬੇ 'ਚ ਇਸ ਵਾਰ ਨਰਮੇ ਦਾ 72 ਹਜ਼ਾਰ 700 ਹੈਕਟੇਅਰ ਰਕਬਾ ਘਟਿਆ**

ਸੂਬੇ ਅੰਦਰ ਹਰ ਸਾਲ ਨਰਮੇ ਹੇਠ ਬਿਜਾਈ ਦਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਤੋਂ ਡਰੇ ਕਿਸਾਨ ਨਰਮੇ ਦੀ ਬਿਜਾਈ ਤੋਂ ਮੂੰਹ ਮੋੜ ਰਹੇ ਹਨ। ਸਾਲ 1995-1996 ਵਿਚ ਪੰਜਾਬ ਅੰਦਰ ਨਰਮੇ ਹੇਠ 7 ਲੱਖ 42 ਹਜ਼ਾਰ ਹੈਕਟੇਅਰ ਰਕਬਾ ਸੀ ਜਿਹੜਾ ਕਿ ਇਸ ਵਾਰ ਘਟ ਕੇ 96 ਹਜ਼ਾਰ 300 ਹੈਕਟੇਅਰ ਰਹਿ ਗਿਆ। ਜਦੋਂ ਕਿ ਪਿਛਲੇ ਸਾਲ ਸੂਬੇ ਅੰਦਰ 1.69 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਈ ਹੋਈ ਸੀ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਸੂਬੇ ਅੰਦਰ 72 ਹਜ਼ਾਰ 700 ਹੈਕਟੇਅਰ ਘਟ ਰਕਬੇ ਵਿਚ ਬਿਜਾਈ ਹੋਈ ਹੈ। ਕਿਸਾਨ ਸਰੂਪ ਸਿੰਘ ਰਾਮਾ ਦਾ ਕਹਿਣਾ ਸੀ ਕਿ ਹਾਲਾਤ ਸਾਲ 2015 ਵਰਗੇ ਬਣਦੇ ਜਾ ਰਹੇ ਹਨ। ਜੇਕਰ ਇਸ ਵਾਰ ਵੀ ਨਰਮੇ ਦੀ ਫਸਲ ਨਾ ਹੋਈ ਤਾਂ ਫਿਰ ਅਗਲੀ ਵਾਰ ਕਿਸੇ ਨੇ ਨਰਮਾ ਨਹੀਂ ਬੀਜਣਾ।

**ਚਿੱਟੀ ਮੱਖੀ ਇਕ ਦਿਨ 'ਚ ਦਿੰਦੀ ਹੈ 120 ਤੋਂ 400 ਤੱਕ ਆਂਡੇ**

ਇੱਥੇ ਜ਼ਿਕਰਯੋਗ ਹੈ ਕਿ ਚਿੱਟੀ ਮੱਖੀ ਨਰਮੇ ਦੀ ਫਸਲ ਉੱਪਰ ਬਹੁਤ ਤੇਜ਼ੀ ਨਾਲ ਫੈਲਦੀ ਹੈ। ਮਾਦਾ ਮੱਖੀ ਨਰਮੇ ਦੇ ਬੂਟੇ ਦੇ ਵਿਚਕਾਰਲੇ ਪੱਤਿਆਂ ਤੇ ਹੇਠਾਂ ਹਰ ਰੋਜ਼ ਕਰੀਬ 120 ਤੋਂ 400 ਤੱਕ ਅੰਡੇ ਦਿੰਦੀ ਹੈ। ਲਗਭਗ ਛੇ ਤੋਂ ਅੱਠ ਦਿਨਾਂ ਵਿਚ ਆਂਡੇ ਵਿਚੋਂ ਮੱਖੀ ਦਾ ਬੱਚਾ ਬਾਅਦ ਆ ਜਾਂਦਾ ਹੈ। ਕਰੀਬ 12-13 ਦਿਨ ਬਾਅਦ ਇਹ ਬੱਚਾ ਪੂਰੀ ਤਰ੍ਹਾਂ ਵੱਡਾ ਹੋ ਕੇ ਅੰਡੇ ਦਿੰਦਾ ਹੈ। ਜਿਸ ਤਰ੍ਹਾਂ ਹੁਣ ਸਿੱਲ੍ਹ ਵਾਲਾ ਮੌਸਮ ਚੱਲ ਰਿਹਾ ਹੈ, ਇਹ ਮੱਖੀ ਲਈ ਬਹੁਤ ਹੀ ਅਨੁਕੂਲ ਹੈ। ਇਸਦੀਆਂ ਇਕ ਸਾਲ ਵਿਚ 12 ਪੁਸ਼ਤਾਂ ਤਿਆਰ ਹੁੰਦੀਆਂ ਹਨ। ਇਹ ਇੰਨੀ ਚਲਾਕ ਹੈ ਕਿ ਇਹ ਨਰਮੇ ਦੇ ਬੂਟੇ ਵਿਚਕਾਰਲੇ ਪੱਤਿਆਂ ਦੇ ਹੇਠਾਂ ਰਹਿੰਦੀ ਹੈ। ਜਿੱਥੇ ਉਸ ਉੱਪਰ ਧੁੱਪ ਅਤੇ ਪਾਣੀ ਦਾ ਵੀ ਕੋਈ ਅਸਰ ਨਹੀਂ ਹੁੰਦਾ। ਇਹ ਮੱਖੀ ਨਰਮੇ ਦੇ ਪੱਤਿਆਂ ਦਾ ਰਸ ਚੂਸਦੀ ਰਹਿੰਦੀ ਹੈ ਅਤੇ ਇਸ ਦੌਰਾਨ ਹੀ ਇਹ ਹਨੀ ਡਿਊ ਨਾਂ ਦਾ ਤਰਲ ਪਦਾਰਥ ਪੈਦਾ ਕਰਦੀ ਹੈ, ਜਿਹੜਾ ਨਰਮੇ ਦੇ ਹੇਠਲੇ ਪੱਤਿਆਂ ਉੱਪਰ ਡਿੱਗਦਾ ਰਹਿੰਦਾ ਹੈ ਜਿਸ ਨਾਲ ਫੰਗਸ ਰੋਗ ਨਰਮੇ ਨੂੰ ਲੱਗ ਜਾਂਦਾ ਹੈ ਅਤੇ ਨਰਮੇ ਦੀ ਫਸਲ ਪੂਰੀ ਤਰ੍ਹਾਂ ਸੁੱਕ ਕੇ ਕਾਲੀ ਹੋ ਜਾਂਦੀ ਹੈ। ਇਸ ਦੌਰਾਨ ਖੇਤੀਬਾੜੀ ਅਧਿਕਾਰੀ ਡਾਕਟਰ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਝੱਖੜ ਸਮੇਤ ਤੇਜ਼ ਮੀਂਹ ਪੈ ਜਾਵੇ ਤਾਂ ਕਾਫੀ ਹੱਦ ਤੱਕ ਚਿੱਟੀ ਮੱਖੀ ਦੇ ਹਮਲੇ 'ਤੇ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਪੂਰੀ ਤਰ੍ਹਾਂ ਕਿਸਾਨਾਂ ਨਾਲ ਖੜ੍ਹਾ ਹੈ ਅਤੇ ਕਿਸਾਨਾਂ ਨਾਲ ਤਾਲਮੇਲ ਵਿਚ ਹੈ।

**ਕਈ ਵਾਰ ਹੋ ਚੁੱਕਾ ਹਮਲਾ, 2015 'ਚ ਫਸਲ ਹੋਈ ਸੀ ਤਬਾਹ**

ਨਰਮੇ ਦੀ ਫਸਲ ਤੇ ਚਿੱਟੀ ਮੱਖੀ ਦਾ ਹਮਲਾ ਕੋਈ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪਹਿਲਾਂ ਤਿੰਨ ਵਾਰ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ ਹੋ ਚੁੱਕਾ ਹੈ। ਸਾਲ 2015 ਵਿਚ ਚਿੱਟੀ ਮੱਖੀ ਨੇ ਨਰਮੇ ਦੀ ਸਾਰੀ ਫਸਲ ਤਬਾਹ ਕਰਕੇ ਰੱਖ ਦਿੱਤੀ ਸੀ। ਉਸ ਸਮੇਂ ਵੀ ਕਿਸਾਨਾਂ ਨੇ ਕੀੜੇ ਮਾਰ ਦਵਾਈਆਂ ਦੇ ਛਿੜਕਾ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ, ਪਰ ਇਸ ਦੇ ਬਾਵਜੂਦ ਵੀ ਚਿੱਟੀ ਮੱਖੀ ਦਾ ਹਮਲਾ ਥੰਮਿਆ ਨਹੀਂ ਸੀ। ਇਸ ਤੋਂ ਬਾਅਦ ਸਾਲ 2019 ਵਿਚ ਵੀ ਚਿੱਟੀ ਮੱਖੀ ਵੇਖੀ ਗਈ ਸੀ ਪਰ ਉਸ ਸਮੇਂ ਮੌਸਮ ਅਨੁਕੂਲ ਹੋਣ ਕਾਰਨ ਨਰਮੇ ਦੀ ਫਸਲ ਦਾ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ ਸੀ। ਸਾਲ 2022 ਵਿਚ ਵੀ ਚਿੱਟੀ ਮੱਖੀ ਦਾ ਨਰਮੇਂ ਦੀ ਫਸਲ 'ਤੇ ਹਮਲਾ ਹੋਇਆ, ਜਿਸ ਕਾਰਨ ਵੱਡੀ ਗਿਣਤੀ ਕਿਸਾਨਾਂ ਨੂੰ ਨਰਮੇ ਦੀ ਫਸਲ ਵਾਹੁਣੀ ਪਈ ਸੀ।

**ਕਿਵੇਂ ਪੈਦਾ ਹੁੰਦੀ ਹੈ ਚਿੱਟੀ ਮੱਖੀ**

ਮੁੱਖ ਖੇਤੀਬਾੜੀ ਅਫਸਰ ਡਾ. ਜਗਸੀਰ ਸਿੰਘ ਨੇ ਦੱਸਿਆ ਕਿ ਮੀਂਹ ਨਾ ਪੈਣ ਕਾਰਨ ਨਰਮੇ ਦੀ ਫਸਲ ਨੂੰ ਔੜ ਲੱਗ ਗਈ, ਜਿਸ ਕਾਰਨ ਚਿੱਟੀ ਮੱਖੀ ਦਾ ਹਮਲਾ ਹੋਇਆ। ਮੌਸਮ ਜ਼ਿਆਦਾ ਖੁਸ਼ਕ ਰਹਿਣ ਕਾਰਨ ਚਿੱਟੀ ਮੱਖੀ ਪੈਦਾ ਹੁੰਦੀ ਹੈ। ਅਸਲ ਵਿਚ ਨਰਮੇ ਦੀ ਬਿਜਾਈ ਉਨ੍ਹਾਂ ਖੇਤਾਂ ਵਿਚ ਹੋਈ ਹੈ ਜਿੱਥੇ ਝੋਨਾ ਪੈਦਾ ਨਹੀਂ ਹੋ ਸਕਦਾ। ਮੱਖੀ ਜ਼ਿਆਦਾਤਰ ਬਾਗਾਂ, ਮੂੰਗ ਦੀ ਫਸਲ ਅਤੇ ਸਬਜ਼ੀਆਂ 'ਤੇ ਪਾਈ ਜਾਂਦੀ ਹੈ ਅਤੇ ਸਬਜ਼ੀਆਂ ਤੋਂ ਇਹ ਮੱਖੀ ਨਰਮੇ 'ਤੇ ਹਮਲਾ ਕਰ ਦਿੰਦੀ ਹੈ। ਇਹੀ ਕਾਰਨ ਸੀ ਕਿ ਨਰਮਾ ਪੱਟੀ ਵਿਚ ਕਿਸਾਨਾਂ ਨੂੰ ਮੂੰਗੀ ਨਾ ਬੀਜਣ ਦੀ ਸਲਾਹ ਦਿੱਤੀ ਗਈ ਹੈ। ਕਈ ਥਾਵਾਂ 'ਤੇ ਚਿੱਟੀ ਮੱਖੀ ਦਾ ਹਮਲਾ ਆਰਥਿਕ ਕਗਾਰ ਤੋਂ ਵੱਧ ਪਾਇਆ ਗਿਆ ਹੈ।

## ਨਰਮੇ ਦੀ ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਟੀਮਾਂ ਗਠਿਤ

ਪੰਜਾਬ ਦੇ ਨਰਮਾ ਪੱਟੀ ਇਲਾਕੇ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਜਾਣਕਾਰੀ ਮਿਲਦਿਆਂ ਹੀ ਖੇਤੀਬਾੜੀ ਵਿਭਾਗ ਨੇ ਦੋ ਜੁਆਇੰਟ ਡਾਇਰੈਕਟਰ ਪੱਧਰ ਦੇ ਅਧਿਕਾਰੀਆਂ ਦੀ ਹਮਲੇ ਦੀ ਨਿਗਰਾਨੀ ਦਾ ਕੰਮ ਸੌਂਪਿਆ ਗਿਆ ਹੈ। ਇਸ ਦੇ ਨਾਲ ਹੀ ਇਹ ਟੀਮਾਂ ਲੋੜ ਪੈਣ 'ਤੇ ਕੀੜਿਆਂ ਦੀ ਰੋਕਥਾਮ ਸੰਬੰਧੀ ਕਿਸਾਨਾਂ ਨੂੰ ਸੇਧ ਵੀ ਦੇਣਗੀਆਂ। ਖੇਤੀਬਾੜੀ



ਨਿਗਰਾਨੀ ਹੇਠ 128 ਟੀਮਾਂ ਕਾਇਮ ਕੀਤੀਆਂ ਹਨ, ਜਿਨ੍ਹਾਂ ਵੱਲੋਂ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ ਅਤੇ ਸੰਗਰੂਰ ਵਿੱਚ ਨਿਗਰਾਨੀ ਕੀਤੀ ਜਾਵੇਗੀ। ਵਿਭਾਗ ਵੱਲੋਂ ਬਣਾਈਆਂ ਗਈਆਂ ਟੀਮਾਂ ਨੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕੀਤਾ। ਟੀਮਾਂ ਦੇ ਫਾਜ਼ਿਲਕਾ ਜ਼ਿਲ੍ਹੇ ਦੇ 73 ਪਿੰਡਾਂ ਵਿੱਚ ਨਰਮੇ ਦੇ ਖੇਤਾਂ ਦਾ ਦੌਰਾ ਕਰਨ ਉੱਤੇ ਖੂਈਆਂ ਸਰਵਰ ਬਲਾਕ ਵਿੱਚ ਤਿੰਨ ਥਾਂਵਾਂ 'ਤੇ ਗੁਲਾਬੀ ਸੁੰਡੀ ਅਤੇ ਅੱਠ ਥਾਂਵਾਂ 'ਤੇ ਚਿੱਟੀ ਮੱਖੀ ਦਾ ਹਮਲਾ ਵੇਖਣ ਨੂੰ ਮਿਲਿਆ। ਖੇਤੀਬਾੜੀ ਵਿਭਾਗ ਨੇ ਤੁਰੰਤ ਪ੍ਰਭਾਵਿਤ ਫ਼ਸਲ 'ਤੇ ਕੀਟਨਾਸ਼ਕਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਖੇਤੀਬਾੜੀ ਵਿਭਾਗ ਨੇ ਸੂਬੇ ਵਿੱਚ ਨਰਮੇ ਦੀ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਉਣ ਵਾਸਤੇ ਨਿਰੰਤਰ ਨਿਗਰਾਨੀ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਨ੍ਹਾਂ ਟੀਮਾਂ ਨੂੰ ਨਰਮੇ ਦੇ ਖੇਤਾਂ ਦਾ ਦੌਰਾ ਕਰਨ ਅਤੇ ਫ਼ਸਲ 'ਤੇ ਕੀੜਿਆਂ ਦੇ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕਿਹਾ ਕਿ ਵਿਭਾਗ ਦੀਆਂ ਟੀਮਾਂ ਵੱਲੋਂ ਨਰਮੇ ਦੇ ਖੇਤਾਂ ਦਾ ਦੌਰਾ ਕੀਤਾ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫਸਰ ਮਾਨਸਾ ਨੇ ਕਿਹਾ ਕਿ ਵਿਭਾਗ ਦੀ ਟੀਮ ਵੱਲੋਂ ਪਿੰਡ ਸਾਹਨੇਵਾਲੀ ਵਿੱਚ ਕਿਸਾਨ ਬਲਕਾਰ ਸਿੰਘ ਦੇ ਨਰਮੇ ਦੇ ਖੇਤ ਦਾ ਦੌਰਾ ਕੀਤਾ ਅਤੇ ਖੇਤ ਵਿੱਚ ਗੁਲਾਬੀ ਸੁੰਡੀ ਦਾ ਮਾਮੂਲੀ ਹਮਲਾ ਵੇਖਣ ਨੂੰ ਮਿਲਿਆ ਹੈ। ਪਿੰਡ ਖਿਆਲੀ ਚਹਿਲਾਂਵਾਲੀ ਵਿੱਚ ਕਿਸਾਨ ਜਗਦੇਵ ਸਿੰਘ ਪੁੱਤਰ ਧਰਮ ਸਿੰਘ ਦੇ ਖੇਤ ਦਾ ਸਰਵੇਖਣ ਕੀਤਾ ਗਿਆ ਅਤੇ ਗੁਲਾਬੀ ਸੁੰਡੀ ਦਾ ਕੋਈ ਵੀ ਹਮਲਾ ਨਹੀਂ ਪਾਇਆ ਗਿਆ ਅਤੇ ਚਿੱਟੀ ਮੱਖੀ ਦੀ ਗਿਣਤੀ ਇਕਨਾਮਿਕ ਥਰੈਸ਼ੋਲਡ ਲੈਵਲ ਤੋਂ ਹੇਠਾਂ ਵੇਖਣ ਨੂੰ ਮਿਲੀ। ਅਧਿਕਾਰੀਆਂ ਨੇ ਪਿੰਡ ਪਟੀ ਸਦੀਕ ਦੇ ਕਿਸਾਨ ਗੁਰਪ੍ਰੀਤ ਸਿੰਘ ਪੁੱਤਰ ਅਜੈਬ ਸਿੰਘ ਦੇ ਨਰਮੇ ਦੇ ਖੇਤ ਦਾ ਵੀ ਦੌਰਾ ਕੀਤਾ ਗਿਆ, ਜਿੱਥੇ ਫ਼ਸਲ ਚੰਗੀ ਹਾਲਤ ਵਿੱਚ ਹੈ, ਪਰ ਗੁਲਾਬੀ ਸੁੰਡੀ, ਚਿੱਟੀ ਮੱਖੀ ਅਤੇ ਹੋਰ ਕੀੜਿਆਂ ਦੀ ਗਿਣਤੀ ਵੀ ਈ. ਟੀ. ਐੱਲ. ਪੱਧਰ ਤੋਂ ਹੇਠਾਂ ਹੈ।

# ਝੋਨੇ ਅਤੇ ਬਾਸਮਤੀ ਦੇ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਓ



ਕਮਲਜੀਤ ਸਿੰਘ ਸੂਰੀ ਅਤੇ ਰੂਬਲਜੋਤ ਕੂੰਨਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98159-02788)

ਝੋਨੇ ਅਤੇ ਬਾਸਮਤੀ ਦਾ ਸਾਉਣੀ ਰੁੱਤ ਦੀਆਂ ਫਸਲਾਂ ਵਿਚ ਇਕ ਮਹੱਤਵਪੂਰਨ ਸਥਾਨ ਹੈ। ਇਨ੍ਹਾਂ ਫਸਲਾਂ ਦੀ ਪੈਦਾਵਾਰ ਘਟਾਉਣ ਵਾਲੇ ਅਨੇਕਾਂ ਕਾਰਨਾਂ ਵਿੱਚੋਂ ਕੀੜੇ-ਮਕੌੜਿਆਂ ਦੁਆਰਾ ਹੋਣ ਵਾਲਾ ਨੁਕਸਾਨ ਮਹੱਤਵਪੂਰਨ ਹੈ। ਇਨ੍ਹਾਂ ਹਾਨੀਕਾਰਕ ਕੀੜਿਆਂ ਦੀ ਸਮੇਂ ਸਿਰ ਅਤੇ ਸੁਚੱਜੇ ਢੰਗਾਂ ਨਾਲ ਰੋਕਥਾਮ, ਇਨ੍ਹਾਂ ਫਸਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨ ਵੀਰਾਂ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੁੰਦੀ। ਇਨ੍ਹਾਂ ਕੀੜਿਆਂ ਦੇ ਹਮਲੇ ਨੂੰ ਆਰਥਿਕ ਕਗਾਰ/ਇਕਨੌਮਿਕ ਥਰੈਸ਼ਹੋਲਡ ਲੈਵਲ (ਨੁਕਸਾਨ ਕਰਨ ਦੀ ਮਿੱਥੀ ਹੱਦ) ਤੋਂ ਹੇਠਾਂ ਰੱਖਣਾ ਜ਼ਰੂਰੀ ਹੈ। ਸੋ ਝੋਨੇ ਅਤੇ ਬਾਸਮਤੀ ਦੀ ਫਸਲ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸਿਫਾਰਸ਼ ਹੇਠਾਂ ਦਿੱਤੀ ਹਾਨੀਕਾਰਨ ਕੀੜਿਆਂ ਦੀ ਬਹੁਪੱਖੀ ਰੋਕਥਾਮ ਤਕਨੀਕੀ ਨੂੰ ਅਮਲ 'ਚ ਲਿਆਓ ਤਾਂ ਜੋ ਇਨ੍ਹਾਂ ਫਸਲਾਂ ਤੋਂ ਲਾਹੇਵੰਦ ਝਾੜ ਲਿਆ ਜਾ ਸਕੇ :

**1. ਤਣੇ ਦੇ ਗੜੂੰਏ** : ਇਨ੍ਹਾਂ ਨੂੰ ਗੋਭ ਦੀਆਂ ਸੁੰਡੀਆਂ ਵੀ ਆਖਦੇ ਹਨ ਜੋ



ਕਿ ਫਸਲ ਦਾ ਨੁਕਸਾਨ ਜੁਲਾਈ ਤੋਂ ਅਕਤੂਬਰ ਤੱਕ ਕਰਦੀਆਂ ਹਨ। ਇਨ੍ਹਾਂ ਦੀਆਂ ਤਿੰਨੇ ਕਿਸਮਾਂ ਅਰਥਾਤ ਪੀਲੀ, ਚਿੱਟੀ ਅਤੇ ਗੁਲਾਬੀ, ਫਸਲ ਦਾ ਇੱਕੋ ਜਿਹਾ ਨੁਕਸਾਨ ਕਰਦੀਆਂ ਹਨ। ਪੀਲੀਆਂ ਅਤੇ ਚਿੱਟੀਆਂ ਸੁੰਡੀਆਂ ਮੁੰਜਰਾਂ ਪੈਣ ਤੋਂ ਪਹਿਲਾਂ ਜਦੋਂ ਕਿ ਗੁਲਾਬੀ ਸੁੰਡੀਆਂ ਮੁੰਜਰਾਂ ਪੈਣ ਸਮੇਂ ਅਤੇ ਬਾਅਦ ਵਿਚ ਫਸਲ ਦਾ ਨੁਕਸਾਨ ਕਰਦੀਆਂ ਹਨ। ਪੀਲੀਆਂ ਸੁੰਡੀਆਂ ਦੇ ਪਤੰਗਿਆਂ ਦੇ ਅਗਲੇ ਖੰਭ ਪੀਲੇ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਕਾਲਾ ਨਿਸ਼ਾਨ ਵੀ ਹੁੰਦਾ ਹੈ। ਸਰੀਰ ਦੇ ਆਖਰੀ ਭਾਗਾਂ ਤੇ ਭੂਰੇ-ਪੀਲੇ ਰੰਗ ਦੇ ਰੇਸ਼ਮੀ ਵਾਲ (ਪੂਛ ਜਿਹੀ ਦੀ ਸ਼ਕਲ 'ਚ) ਹੁੰਦੇ ਹਨ। ਚਿੱਟੀਆਂ ਸੁੰਡੀਆਂ ਦੇ ਪਤੰਗਿਆਂ ਦੇ ਖੰਭ ਚਿੱਟੇ ਅਤੇ ਚਮਕੀਲੇ ਹੁੰਦੇ ਹਨ। ਪਰ ਗੁਲਾਬੀ ਸੁੰਡੀਆਂ ਦੇ ਪਤੰਗਿਆਂ ਦਾ ਰੰਗ ਭੂਰਾ ਹੁੰਦਾ ਹੈ।

ਤਣੇ ਦੇ ਗੜੂੰਏਂ ਦੀਆਂ ਸਾਰੀਆਂ ਸੁੰਡੀਆਂ ਦੇ ਨੁਕਸਾਨ ਕਰਨ ਦਾ ਢੰਗ ਇਕੋ ਜਿਹਾ ਹੈ। ਸੁੰਡੀ ਤਣੇ ਅੰਦਰ ਦਾਖਲ ਹੋ ਕੇ ਇਸਦੀ ਗੋਭ ਨੂੰ ਹੇਠੋਂ ਕੱਟ ਦਿੰਦੀ ਹੈ। ਜਿਸ ਦੇ ਨਾਲ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਨ੍ਹਾਂ ਸੁੱਕੀਆਂ ਗੋਭਾਂ ਨੂੰ ਅੰਗਰੇਜ਼ੀ ਵਿਚ ''ਡੈਡ ਹਾਰਟਸ' ਆਖਦੇ ਹਨ। ਜੇਕਰ ਸੁੰਡੀਆਂ ਦਾ ਹਮਲਾ ਮੁੰਜਰਾਂ ਪੈਣ ਸਮੇਂ ਹੋਵੇ ਤਾਂ ਹਮਲੇ ਵਾਲੀਆਂ ਗੋਭਾਂ ਦੀਆਂ ਮੁੰਜਰਾਂ ਸੁੱਕ ਜਾਂਦੀਆਂ ਹਨ, ਇਨ੍ਹਾਂ ਵਿਚ ਦਾਣੇ ਨਹੀਂ ਬਣਦੇ ਅਤੇ ਇਨ੍ਹਾਂ ਦਾ ਰੰਗ ਚਿੱਟਾ ਹੁੰਦਾ ਹੈ। ਅਜਿਹੀਆਂ ਦਾਣਿਆਂ ਤੋਂ ਸਖਣੀਆਂ 'ਚਿੱਟੀਆਂ ਮੁੰਜਰਾਂ' ਖੇਤ ਵਿਚ ਦੂਰੋਂ ਹੀ ਬੜੀ ਅਸਾਨੀ ਨਾਲ ਦੇਖੀਆਂ ਜਾ ਸਕਦੀਆਂ ਹਨ। ਅਜਿਹੀਆਂ ਸੁੱਕੀਆਂ ਗੋਭਾਂ ਅਸਾਨੀ ਨਾਲ ਬੂਟਿਆਂ ਵਿੱਚੋਂ ਖਿੱਚੀਆਂ ਜਾ ਸਕਦੀਆਂ ਹਨ।

**ਰੋਕਥਾਮ :**

**ੳ) ਸਮੇਂ ਸਿਰ ਬਿਜਾਈ** : ਸਿਫਾਰਿਸ਼ ਕੀਤੇ ਸਮੇਂ ਅਨੁਸਾਰ ਹੀ ਝੋਨੇ ਦੀ ਬਿਜਾਈ ਕਰੋ। ਇਸ ਨਾਲ ਪੀਲੀਆਂ ਅਤੇ ਚਿੱਟੀਆਂ ਸੁੰਡੀ ਨੂੰ ਵਧਣ ਫੁੱਲਣ ਲਈ ਘੱਟ ਸਮਾਂ ਮਿਲੇਗਾ ਅਤੇ ਇਨ੍ਹਾਂ ਦੀ ਗਿਣਤੀ ਨਹੀਂ ਵਧੇਗੀ।

**ਅ) ਰੋਕਥਾਮ ਦੇ ਆਮ ਢੰਗ** : ਇਹ ਗੜੂੰਏਂ ਆਮ ਤੌਰ ਤੇ ਆਪਣੇ ਆਂਡੇ ਪੱਤਿਆਂ ਦੇ ਸਿਰਿਆਂ ਉੱਤੇ ਦਿੰਦੇ ਹਨ। ਇਸ ਲਈ ਪਨੀਰੀ ਨੂੰ ਖੇਤਾਂ ਵਿਚ ਲਾਉਣ ਸਮੇਂ ਪੌਦੇ ਦੇ ਪੱਤਿਆਂ ਦੇ ਸਿਰਿਆਂ ਨੂੰ ਕੱਟ ਦਿਓ ਤਾਂ ਕਿ ਅੰਡਿਆਂ ਦਾ ਨਾਸ਼ ਹੋ ਜਾਵੇ ਅਤੇ ਗੜੂੰਏਂ ਦੀ ਗਿਣਤੀ ਖੜੀ ਫਸਲ ਤੇ ਘੱਟ ਜਾਵੇ।

**ੲ) ਰਸਾਇਣਕ ਰੋਕਥਾਮ** : ਖੇਤ ਵਿਚ ਖੜ੍ਹੀ ਫਸਲ ਦਾ ਇਨ੍ਹਾਂ ਸੁੰਡੀਆਂ ਦੇ ਹਮਲੇ ਲਈ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਗੈਰ-ਬਾਸਮਤੀ ਝੋਨੇ ਵਿਚ 5 ਫੀਸਦੀ ਜਾਂ ਵਧੇਰੇ ਸੁੱਕੀਆਂ ਗੋਭਾਂ (ਆਰਥਿਕ ਕਗਾਰ ਪੱਧਰ) ਅਤੇ ਬਾਸਮਤੀ ਝੋਨੇ ਵਿਚ 2 ਫੀਸਦੀ ਜਾਂ ਵਧੇਰੇ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਸਿਫਾਰਸ਼ ਕੀਟਨਾਸ਼ਕਾਂ ਦੀ ਵਰਤੋਂ ਸਾਰਣੀ ਅਨੁਸਾਰ ਕਰੋ।

**2. ਪੱਤਾ ਲਪੇਟ ਸੁੰਡੀ**

ਇਸ ਸੁੰਡੀ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਮਹੀਨੇ ਦੌਰਾਨ ਹੁੰਦਾ ਹੈ। ਇਸ ਦੇ ਪਤੰਗੇ ਹਲਕੇ ਭੂਰੇ ਰੰਗ ਦੇ ਹੁੰਦੇ ਹਨ ਅਤੇ ਇਨ੍ਹਾਂ ਦੇ ਅਗਲੇ



ਖੰਭਾਂ ਦੇ ਗੂੜ੍ਹੇ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਖੇਤ ਵਿਚ ਚੱਲਣ ਨਾਲ ਬੂਟੇ ਹਿੱਲਣ ਤੇ ਇਹ ਪਤੰਗੇ ਤੇਜ਼ੀ ਨਾਲ ਉੱਡ-ਉੱਡ ਕੇ ਲਾਗਲੇ ਬੂਟਿਆਂ ਦੇ ਬੈਠਦੇ ਰਹਿੰਦੇ ਹਨ। ਮਾਦਾ ਪਤੰਗੇ ਪੱਤੇ ਦੇ ਹੇਠਲੇ ਪਾਸੇ ਇਕ-ਇਕ ਜਾਂ ਦੋ-ਦੋ ਕਰਕੇ ਅੰਡੇ ਦਿੰਦੇ ਹਨ। ਇਨ੍ਹਾਂ ਚੋਂ ਨਿਕਲੀਆਂ ਛੋਟੀਆਂ ਸੁੰਡੀਆਂ ਨਰਮ ਪੱਤਿਆਂ ਨੂੰ ਬਿਨਾਂ ਲਪੇਟਿਆਂ ਹੀ ਖਾਂਦੀਆਂ ਹਨ ਪਰ ਵੱਡੀਆਂ ਹੋਣ ਤੇ ਇਹ ਪੱਤਿਆਂ ਨੂੰ ਕਿਨਾਰਿਆਂ ਤੋਂ ਮੋੜ ਕੇ ਲੰਬੇ-ਰੁਖ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਰਹਿੰਦੀਆਂ ਹਨ। ਹਮਲੇ ਵਾਲੇ ਬੂਟਿਆਂ ਦੇ ਪੱਤਿਆਂ ਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਉਹ ਜਾਲੀਦਾਰ ਲੱਗਣ ਲੱਗ ਜਾਂਦੇ ਹਨ।

**ਰੋਕਥਾਮ :**

**ੳ) ਰੋਕਥਾਮ ਦੇ ਆਮ ਢੰਗ** : ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਓ ਅਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ।

**ਅ) ਖਾਦਾਂ ਦੀ ਸੁਚੱਜੀ ਵਰਤੋਂ** : ਨਾਈਟਰੋਜਨ ਤੱਤ ਵਾਲੀਆਂ ਖਾਦਾਂ ਵੱਧ ਪਾਉਣ ਨਾਲ ਇਹ ਸੁੰਡੀ ਦਾ ਹਮਲਾ ਵਧੇਰੇ ਹੁੰਦਾ ਹੈ। ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ।

**ੲ) ਰਸਾਇਣਕ ਰੋਕਥਾਮ** : ਖੇਤ ਵਿਚ ਖੜ੍ਹੀ ਫਸਲ ਤੇ ਕੀੜੇ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਕੀੜੇ ਦੁਆਰਾ ਨੁਕਸਾਨੇ ਪੱਤਿਆਂ ਦੀ ਗਿਣਤੀ 10 ਫੀਸਦੀ ਜਾਂ ਇਸ ਤੋਂ ਵੱਧ ਹੋਏ ਤਾਂ ਸਾਰਣੀ ਵਿਚ ਦਰਸਾਈ ਕਿਸੇ ਇਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**3. ਬੂਟਿਆਂ ਦੇ ਟਿੱਡੇ**

ਪੰਜਾਬ ਵਿਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫਸਲ ਦਾ ਨੁਕਸਾਨ ਕਰਦੇ ਹਨ। ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ। ਹਮਲੇ ਵਜੋਂ ਬੂਟੇ ਦੇ ਪੱਤੇ ਉੱਪਰਲੇ ਸਿਰਿਆਂ ਵਲੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਸਾਰਾ ਬੂਟਾ ਹੀ ਸੁੱਕ ਕੇ ਝੁਲਸ ਜਾਂਦਾ ਹੈ। ਕਈ ਵਾਰ ਹਮਲੇ ਵਾਲੇ ਪੱਤਿਆਂ ਤੇ ਕਾਲੀ ਉੱਲੀ ਵੀ ਲੱਗ



ਜਾਂਦੀ ਹੈ। ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਲਾਗਲੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ/ਧੌੜੀਆਂ ਵਿਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਹਮਲਾ ਵੱਧਣ ਨਾਲ ਇਨ੍ਹਾਂ ਦੌਗੀਆਂ/ਧੌੜੀਆਂ ਦੇ ਘੇਰਿਆਂ ਦੇ ਅਕਾਰ ਵੀ ਵੱਧਦੇ ਰਹਿੰਦੇ ਹਨ ਅਤੇ ਹੌਲੀ-ਹੌਲੀ

ਬਾਕੀ ਸਫਾ 6 'ਤੇ

**ਸਾਰਣੀ ਨੰ. 1. ਝੋਨੇ ਅਤੇ ਬਾਸਮਤੀ ਦੇ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਵਾਸਤੇ ਸਿਫਾਰਸ਼ ਕੀਟਨਾਸ਼ਕ**

| ਹਾਨੀਕਾਰਕ ਕੀੜਾ | ਕੀਟਨਾਸ਼ਕ | | ਮਾਤਰਾ/ ਏਕੜ |
|---|---|---|---|
| | ਜ਼ਹਿਰ | ਮਾਰਕਾ | |
| ਤਣੇ ਦੇ ਗੜੂੰਏਂ ਅਤੇ ਪੱਤਾ ਲਪੇਟ ਸੁੰਡੀ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿ. ਲੀ. |
| | *ਕਲੋਰਐਂਟਰਾਨਿਲੀਪਰੋਲ | ਕੋਰਾਜਨ 18.5 ਐਸ ਸੀ | 60 ਮਿ. ਲੀ. |
| | *ਫਲੂਬੈਂਡਾਮਾਈਡ 39.35% | ਫੇਮ 480 ਐਸ ਸੀ | 20 ਮਿ. ਲੀ. |
| | *ਫਲੂਬੈਂਡਾਮਾਈਡ 20% | ਟਾਕੂਮੀ 20 ਡਬਲਯੂ ਜੀ | 50 ਗ੍ਰਾਮ |
| | ਕਾਰਟਾਪ ਹਾਈਡਰੋਕਲੋਰਾਈਡ | ਮੌਰਟਰ 75 ਐਸ ਜੀ | 170 ਗ੍ਰਾਮ |
| | ਅਜ਼ੈਡੀਰੈਕਟਿਨ 0.15%** | ਅਚੂਕ/ਨੀਮ ਕਵਚ | 1 ਲਿਟਰ |
| | ਫਿਪਰੋਨਿਲ** | ਫਿਪਰੋਨਿਲ 80% ਡਬਲਯੂ ਜੀ | 15 ਗ੍ਰਾਮ |
| | ਕਲੋਰਐਂਟਰਾਨਿਲੀਪਰੋਲ** | ਫਰਟੇਰਾ/ਮਾਰਕਟੇਰਾ 0.4 ਜੀ ਆਰ | 4 ਕਿਲੋ |
| | ਥਿਓਸਾਈਕਲੇਮ ਹਾਈਡ੍ਰੋਜ਼ਨ ਆਕਸਾਲੇਟ** | ਵਾਈਬਰੇਂਟ 4 ਜੀ ਆਰ | 4 ਕਿਲੋ |
| | ਕਾਰਟਾਪ ਹਾਈਡਰੋਕਲੋਰਾਈਡ** | ਪਡਾਨ/ਕੈਲਾਡਾਨ/ਕਰੀਟਾਪ/ ਸੈਨਵੈਕਸ/ਨਿਦਾਨ/ਮਾਰਕਟੈਪ/ ਮਿਫਟੈਪ/ਕਾਤਸੂ 4 ਜੀ | 10 ਕਿਲੋ |
| | ਫਿਪਰੋਨਿਲ** | ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਵੀਰ ਜੀ ਆਰ/ਸ਼ਿਨਜ਼ੇਨ 0.3 ਜੀ | 6 ਕਿਲੋ |
| ਬੂਟਿਆਂ ਦੇ ਟਿੱਡੇ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿ. ਲੀ. |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿ. ਲੀ. |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ਡੋਮਿਨੈਂਟ 20 ਐਸ ਜੀ | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| | ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ ਸੀ | 400 ਮਿ. ਲੀ. |
| | ਫਲੂਪਾਇਰੀਮਿਨ | ਇਮੇਜਿਨ 10 ਐਸ ਸੀ | 300 ਮਿ. ਲੀ. |
| | ਕੁਇਨਲਫਾਸ | ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈਸੀ | 800 ਮਿ. ਲੀ. |
| ਝੋਨਾ ਦਾ ਹਿਸਪਾ | ਕੁਇਨਲਫਾਸ | ਏਕਾਲਕਸ 25 ਈ ਸੀ | 800 ਮਿ. ਲੀ. |

*ਇਹ ਰਸਾਇਣ ਹਰੀ ਤਿਕੋਣ ਵਾਲੇ ਹਨ। **ਸਿਰਫ ਬਾਸਮਤੀ ਝੋਨੇ ਲਈ ਸਿਫਾਰਸ਼ ਕੀਤੇ ਹਨ।

ਨੋਟ : 1. ਦਾਣੇਦਾਰ ਕੀਟਨਾਸ਼ਕਾਂ ਦੀ ਸਿਫਾਰਸ਼ ਸਿਰਫ ਬਾਸਮਤੀ ਕਿਸਮਾਂ ਲਈ ਹੀ ਕੀਤੀ ਗਈ ਹੈ।
2. ਹਰ ਵਾਰ ਇੱਕ ਹੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ।
3. ਹੱਥਾਂ ਪੈਰਾਂ ਤੇ ਜ਼ਖਮ ਵਾਲਾ 'ਕਾਮਾ' ਦਾਣੇਦਾਰ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੇ।
4. ਕੀਟਨਾਸ਼ਕਾਂ ਦੀ ਵਰਤੋਂ ਸਮੇਂ ਇਨ੍ਹਾਂ ਨਾਲ ਮਿਲੇ ਦਸਤਾਨੇ ਜ਼ਰੂਰ ਪਹਿਨੋ।
5. ਕੀਟਨਾਸ਼ਕਾਂ ਦੀ ਵਰਤੋਂ ਕਰਨ ਵਾਲੇ ਕਾਮੇ 'ਖਾਣ-ਪੀਣ' ਤੋਂ ਪਹਿਲਾਂ ਆਪਣੇ ਹੱਥ-ਮੂੰਹ ਸਾਬਣ ਤੇ ਪਾਣੀ ਨਾਲ ਚੰਗੀ ਤਰ੍ਹਾਂ ਜ਼ਰੂਰ ਧੋ ਲੈਣ।


# ਨਰਮੇ ਕਪਾਹ ਦੀਆਂ ਜੈਵਿਕ ਅਤੇ ਅਜੀਵਿਕ ਸਮੱਸਿਆਵਾਂ ਦੀ ਰੋਕਥਾਮ

ਰੁਪੇਸ਼ ਕੁਮਾਰ ਅਰੋੜਾ, ਜਗਦੀਸ਼ ਅਰੋੜਾ ਅਤੇ ਪਰਮਜੀਤ ਸਿੰਘ,
ਖੇਤਰੀ ਖੋਜ ਕੇਂਦਰ, ਬਠਿੰਡਾ (ਮੋ. 96466-87131)

**ਸਾਉਣੀ 2023, ਵਿਚ ਨਰਮੇ ਦੇ ਖੇਤਾਂ ਵਿਚ ਜੈਵਿਕ ਅਤੇ ਅਜੀਵਿਕ ਸਮੱਸਿਆਵਾਂ ਵੇਖਣ ਵਿਚ ਆਈਆਂ। ਇਸ ਲਈ ਕਿਸਾਨਾਂ ਨੂੰ ਸਹੀ ਪ੍ਰਬੰਧ ਲਈ ਇਨ੍ਹਾਂ ਦੇ ਹੋਣ ਦੇ ਕਾਰਨ, ਪਛਾਣ ਅਤੇ ਇਸ ਦੇ ਉਪਾਅ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ।**

**1. ਪੱਤਾ ਮਰੋੜ/ਲੀਫ ਕਰਲ ਰੋਗ :**

ਨਰਮੇ-ਕਪਾਹ ਦੀ ਫਸਲ ਵਿਚ ਵੱਖ-ਵੱਖ ਤਰ੍ਹਾਂ ਦੀਆਂ ਕਈ ਬਿਮਾਰੀਆਂ ਦਾ ਹਮਲਾ ਹੁੰਦਾ ਹੈ ਜਿਸ ਵਿਚ ਪੱਤਾ ਮਰੋੜ ਰੋਗ ਸਭ ਤੋਂ ਪ੍ਰਮੁੱਖ ਹਨ। ਪੱਤਾ ਮਰੋੜ ਬਿਮਾਰੀ ਜੈਮਿਨੀਵਾਇਰਸ ਕਰਕੇ ਲੱਗਦੀ ਹੈ। ਇਹ ਬਿਮਾਰੀ ਮਿੱਟੀ ਦੀ ਬੀਜ ਰਾਹੀਂ ਨਹੀਂ ਲੱਗਦੀ ਅਤੇ ਚਿੱਟੀ ਮੱਖੀ ਨਾਲ ਫੈਲਦੀ ਹੈ। ਇਸ ਬਿਮਾਰੀ ਦਾ ਪ੍ਰਭਾਵ ਮੌਸਮ ਦੇ ਹਿਸਾਬ ਨਾਲ



ਵੱਧਦਾ ਘੱਟਦਾ ਰਹਿੰਦਾ ਹੈ। ਸ਼ੁਰੂਆਤੀ ਵਾਧੇ ਇਸ ਬਿਮਾਰੀ ਦੇ ਹਮਲੇ ਦਾ ਅਸਰ ਸਭ ਤੋਂ ਵੱਧ ਹੁੰਦਾ ਹੈ। ਇਸ ਬਿਮਾਰੀ ਕਾਰਨ ਬੂਟਾ ਛੋਟਾ ਰਹਿ ਜਾਂਦਾ ਹੈ। ਰੋਗੀ ਬੂਟੇ ਨੂੰ ਫੁੱਲ ਡੋਡੀਆਂ ਵੀ ਘੱਟ ਲੱਗਦੀਆਂ ਹਨ ਅਤੇ ਝਾੜ ਵੀ ਘੱਟ ਜਾਂਦਾ ਹੈ। ਇਸ ਰੋਗ ਦੀਆਂ ਨਿਸ਼ਾਨੀਆਂ ਕਿਸਮ ਅਤੇ ਬੂਟੇ ਦੀ ਉਮਰ ਮੁਤਾਬਕ ਥੋੜ੍ਹਾ ਬਹੁਤ ਬਦਲ ਸਕਦੀਆਂ ਹਨ। ਸਾਉਣੀ 2022, ਵਿਚ ਬਠਿੰਡਾ ਜ਼ਿਲ੍ਹੇ ਅਤੇ ਇਸ ਦੇ ਨਾਲ ਲੱਗਦੇ ਦੇ ਇਲਾਕਿਆਂ ਵਿਚ ਪੱਤਾ ਮਰੋੜ ਰੋਗ ਦੀ ਸਮੱਸਿਆਵਾਂ ਵੱਧ ਵੇਖਣ ਵਿਚ ਆਈ। ਇਸ ਦਾ ਮੁੱਖ ਕਾਰਨ ਗੈਰ ਸਿਫਾਰਸ਼ੀ ਕਿਸਮਾਂ ਦਾ ਬੀਜਣਾ, ਮੌਸਮੀ ਹਾਲਾਤਾਂ ਵਿਚ ਤਬਦੀਲੀ, ਬਿਜਾਈ ਵਿਚ ਦੇਰੀ ਅਤੇ ਵਾਇਰਸ ਦਾ ਹੋਣਾ ਇਕ ਹੋਰ ਵੱਡਾ ਮਹੱਤਵਪੂਰਨ ਕਾਰਨ ਹੈ। ਸਾਉਣੀ 2023 ਵਿਚ ਪਿਛਲੇ 8-9 ਸਾਲਾਂ ਦੇ ਦੌਰਾਨ ਇਸ ਬਿਮਾਰੀ ਦਾ ਪ੍ਰਕੋਪ ਸਭ ਤੋਂ ਘੱਟ ਦੇਖਣ ਵਿਚ ਆਇਆ। ਇਸ ਦਾ ਮੁੱਖ ਕਾਰਨ ਸਿਫਾਰਸ਼ ਕਿਸਮਾਂ ਦਾ ਬੀਜਣਾ, ਮੌਸਮੀ ਹਾਲਾਤਾਂ ਵਿਚ ਤਬਦੀਲੀ, ਵਾਇਰਸ ਦਾ ਨਾ ਹੋਣਾ ਅਤੇ ਚਿੱਟੀ ਮੱਖੀ ਦਾ ਘਟਣਾ ਇਸ ਦਾ ਮੁੱਖ ਕਾਰਨ ਹੈ।

**ਪੱਤਾ ਮਰੋੜ ਰੋਗ ਦੇ ਲੱਛਣ :**

★ ਇਸ ਵਿਸ਼ਾਣੂ ਰੋਗ ਕਾਰਨ ਪੱਤਿਆਂ ਦੀਆਂ ਨਾੜਾਂ ਮੋਟੀਆਂ ਹੋ ਜਾਂਦੀਆਂ ਹਨ। ਜ਼ਿਆਦਾ ਬਿਮਾਰੀ ਦੀ ਹਾਲਤ ਵਿਚ ਬੂਟੇ ਛੋਟੇ ਰਹਿ ਜਾਂਦੇ ਹਨ, ਪੱਤੇ ਉਪਰ ਵੱਲ ਨੂੰ ਮੁੜ ਜਾਂਦੇ ਹਨ ਅਤੇ ਕੌਲੀਆਂ/ਕੱਪਾਂ ਦੀ ਸ਼ਕਲ ਅਖਤਿਆਰ ਕਰ ਲੈਂਦੇ ਹਨ। ਪੱਤੇ ਦੇ ਹੇਠਲੇ ਪਾਸੇ ਪੱਤੀਆਂ ਨਿਕਲ ਆਉਂਦੀਆਂ ਹਨ।

★ ਜਦੋਂ ਪੱਤਾ ਰੋਗ ਬਿਮਾਰੀ ਦਾ ਪ੍ਰਕੋਪ ਵੱਧ ਜਾਂਦਾ ਹੈ ਤਾਂ ਸ਼ੁਰੂਆਤ ਵਿਚ ਬੂਟੇ ਦਾ 25% ਤੋ 50% ਹਿੱਸਾ ਵਿਚ ਪੱਤਾ ਰੋਗ ਬਿਮਾਰੀ ਦੇ ਲੱਛਣ ਵੇਖਣ ਵਿਚ ਆਉਂਦੇ ਹਨ ਅਤੇ ਹੌਲੀ ਹੌਲੀ ਬੂਟੇ ਦਾ 75% ਹਿੱਸਾ ਇਸ ਬਿਮਾਰੀ ਦੇ ਥੱਲੇ ਆ ਜਾਂਦਾ ਹੈ ਅਤੇ ਬਾਅਦ ਵਿਚ ਸਾਰੇ ਦਾ ਸਾਰਾ ਬੂਟਾ ਇਸ ਬਿਮਾਰੀ ਤੋਂ ਪ੍ਰਭਾਵਤ ਹੋ ਜਾਂਦਾ ਹੈ। ਇਸ ਕਾਰਨ ਰੋਗੀ ਬੂਟੇ ਨੂੰ ਫੁੱਲ ਡੋਡੀਆਂ ਵੀ ਘੱਟ ਲੱਗਦੀਆਂ ਹਨ ਅਤੇ ਝਾੜ ਵੀ ਘਟ ਜਾਂਦਾ ਹੈ ਅਤੇ ਰੂੰ ਦੇ ਰੇਸ਼ੇ ਉਪਰ ਵੀ ਮਾੜਾ ਅਸਰ ਪੈਂਦਾ ਹੈ।

**ਪੱਤਾ ਮਰੋੜ/ਲੀਫ ਕਰਲ ਰੋਗ ਤੋਂ ਬਚਾਅ :** ★ ਪੱਤਾ ਮਰੋੜ/ਲੀਫ ਕਰਲ ਰੋਗ ਤੋਂ ਬਚਣ ਲਈ ਨਰਮੇ ਦੇ ਖੇਤਾਂ ਦਾ ਸ਼ੁਰੂਆਤੀ ਤੌਰ ਕੇ ਸਰਵੇਖਣ ਕਰਨਾ ਬਹੁਤ ਜ਼ਰੂਰੀ ਹੈ।

★ ਨਰਮੇ ਕਪਾਹ ਦੀ ਬਿਜਾਈ ਸਿਫਾਰਸ਼ ਕੀਤੇ ਅਨੁਸਾਰ (1 ਅਪ੍ਰੈਲ ਤੋਂ 15 ਮਈ) ਦੌਰਾਨ ਕਰ ਲੈਣੀ ਚਾਹੀਦੀ ਹੈ। ਸਿਫਾਰਸ਼ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਗੈਰ ਸਿਫਾਰਸ਼ੀ ਕਿਸਮਾਂ ਅਤੇ ਪਿਛੇਤੀ ਬਿਜਾਈ ਪੱਤਾ ਮਰੋੜ ਬਿਮਾਰੀ ਨੂੰ ਵਧਾਉਂਦੀ ਹੈ ਅਤੇ ਝਾੜ ਤੇ ਮਾੜਾ ਅਸਰ ਪਾਉਂਦੀ ਹੈ।

★ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਦੇਸੀ ਕਪਾਹ (ਐਲ ਡੀ 1019, ਐੱਲ ਡੀ 949 ਅਤੇ ਐਫ ਡੀ ਕੇ 124) ਨੂੰ ਪੱਤਾ ਮਰੋੜ ਬਿਮਾਰੀ ਨਹੀਂ ਲੱਗਦੀ ਹੈ।

★ ਨਰਮੇ ਨੂੰ ਨਿੰਬੂ ਜਾਤੀ ਦੇ ਬਾਗਾਂ ਵਿਚ ਅਤੇ ਭਿੰਡੀ ਦੇ ਖੇਤਾਂ ਨੇੜੇ ਨਹੀਂ ਬੀਜਣਾ ਚਾਹੀਦਾ।

★ ਨਰਮੇ-ਕਪਾਹ ਦੇ ਖੇਤਾਂ ਦੇ ਆਲੇ-ਦੁਆਲੇ ਸਾਫ ਸਫਾਈ ਦਾ ਧਿਆਨ ਰੱਖਿਆ ਜਾਵੇ ਨਦੀਨ ਅਤੇ ਨਰਮੇਂ ਦੇ ਆਪਣੇ ਆਪ ਜੰਮੇ ਬੂਟੇ (ਵਲੰਟੀਅਰ) ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

★ ਖੇਤ ਵਿਚ ਕੰਘੀ ਬੂਟੀ ਅਤੇ ਪੀਲੀ ਬੂਟੀ ਅਤੇ ਹੋਰ ਨਦੀਨਾਂ ਦੇ ਬੂਟਿਆਂ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ ਜਿਵੇਂ ਕਿ ਇਸ ਬਿਮਾਰੀ ਦੇ ਬਦਲਵੇਂ ਬੂਟੇ ਹੁੰਦੇ ਹਨ।

★ ਨਾਈਟਰੋਜਨ ਖਾਦ ਦੀ ਸਿਫਾਰਸ਼ ਕੀਤੀ ਮਾਤਰਾ ਤੋਂ ਵੱਧ ਨਹੀਂ ਪਾਉਣੀ ਚਾਹੀਦੀ।

★ ਘੱਟ ਲਾਗਤ ਵਾਲੇ ਪੀਲੇ ਕਾਰਡ (ਯੈਲੋ ਟਰੈਪ) ਨਰਮੇਂ ਦੇ ਖੇਤ ਵਿਚ ਲਗਾਓ ਜੋ ਕਿ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ (ਜਿਸ ਨਾਲ ਪੱਤਾ ਮਰੋੜ ਰੋਗ ਫੈਲਦਾ ਹੈ) ਦੇ ਵਾਧੇ ਨੂੰ ਰੋਕਣ ਵਿਚ ਸਹਾਇਕ ਹੁੰਦੇ ਹਨ।

★ ਫਸਲ ਦੀ ਸ਼ੁਰੂਆਤੀ ਅਵਸਥਾ ਵਿਚ ਚਿੱਟੀ ਮੱਖੀ ਦਾ ਹਮਲਾ ਹੋਣ ਤੇ ਇਕ ਤੋਂ ਦੋ ਸਪਰੇਅ (ਇਕ ਲੀਟਰ ਨਿੰਬੀਸੀਡੀਨ ਜਾਂ ਅਚੂਕ) ਅਤੇ ਘਰ ਦਾ ਬਣਾਇਆ ਨਿੰਮ ਦਾ ਘੋਲ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ। ਜਦੋਂ ਚਿੱਟੀ ਮੱਖੀ ਦਾ ਪ੍ਰਕੋਪ ਵੱਧ ਜਾਵੇ ਤਾਂ ਪੀ.ਏ.ਯੂ. ਵਲੋਂ ਸਿਫਾਰਸ਼ ਕੀਤੀਆਂ ਰਸਾਇਣਾਂ ਦਾ ਪ੍ਰਯੋਗ ਕਰਨਾ ਚਾਹੀਦਾ ਅਤੇ ਕਿਸੇ ਵੀ ਕੀਟਨਾਸ਼ਕ ਦਾ ਮਿਸ਼ਰਣ (ਆਪ ਬਣਾਕੇ ਜਾਂ ਬਣੇ ਬਣਾਏ ਮਿਸ਼ਰਣ) ਦਾ ਛਿੜਕਾਅ ਬਿਲਕੁਲ ਨਹੀਂ ਕਰਨਾ ਚਾਹੀਦਾ।

**2. ਪੱਤਿਆਂ ਦੇ ਧੱਬਿਆਂ ਦਾ ਰੋਗ**

ਇਹ ਬਿਮਾਰੀ ਕਈ ਉੱਲੀਆਂ ਦੇ ਹਮਲੇ ਕਾਰਨ ਲੱਗਦੀ ਹੈ। ਮਾਇਰੋਥੀਸ਼ੀਅਮ ਉੱਲੀ ਨਾਲ ਪੱਤਿਆਂ ਅਤੇ ਟੀਡਿਆਂ ਉੱਤੇ ਗੋਲ ਭੂਰੇ ਰੰਗ ਦੇ ਜਾਮਣੀ ਕਿਨਾਰਿਆਂ ਵਾਲੇ ਧੱਬੇ ਪੈ ਜਾਂਦੇ ਹਨ। ਇਹਨਾਂ ਧੱਬਿਆਂ ਉੱਤੇ ਬਾਅਦ ਵਿਚ ਕਾਲੇ ਰੰਗ ਦੇ ਟਿਮਕਣੇ ਜਿਹੇ ਬਣ ਜਾਂਦੇ ਹਨ। ਮੀਂਹ ਅਤੇ ਜ਼ਿਆਦਾ ਨਮੀ ਵਾਲਿਆਂ ਹਾਲਤਾਂ ਬਿਮਾਰੀਆਂ ਵਿਚ ਵਾਧਾ ਕਰਦੀਆਂ ਹਨ।

ਸਰਕੋਸਪੋਰਾ ਉੱਲੀ ਦੇ ਧੱਬੇ ਆਮਤੌਰ ਤੇ ਬੂਟਿਆਂ ਨੂੰ ਟੀਂਡੇ ਪੈਣ ਦੇ ਸਮੇਂ ਨਜ਼ਰ ਆਉਂਦੇ ਹਨ। ਇਸ ਰੋਗ ਨਾਲ ਪੱਤਿਆਂ ਉੱਤੇ ਭੂਰੇ ਗੋਲ ਬੇਢੰਗੇ ਆਕਾਰ ਦੇ ਧੱਬੇ ਪੈ ਜਾਂਦੇ ਹਨ। ਜਿਨ੍ਹਾਂ ਦੇ ਕਿਨਾਰੇ ਗੂੜ੍ਹੇ ਭੂਰੇ ਰੰਗ ਦੇ ਹੁੰਦੇ ਹਨ। ਬਾਅਦ ਵਿਚ ਇਹ ਧੱਬੇ ਵਿਚਕਾਰ ਸਲੇਟੀ ਰੰਗ ਦੇ ਹੋ ਜਾਂਦੇ ਹਨ। ਜੇਕਰ ਹਵਾ ਵਿਚ ਨਮੀਂ ਜ਼ਿਆਦਾ ਹੋਵੇ, ਤਾਪਮਾਨ ਘੱਟ ਹੋਵੇ ਤਾਂ ਇਸ ਬਿਮਾਰੀ ਦਾ ਹਮਲਾ ਵਧੇਰੇ ਹੁੰਦਾ ਹੈ। ਗੰਭੀਰ ਹਾਲਤਾਂ ਵਿਚ ਇਹ ਧੱਬੇ ਆਪਸ ਵਿਚ ਮਿਲ ਕੇ ਪੱਤਿਆਂ ਦੇ ਸਾਰੇ ਹਿੱਸਿਆਂ



ਤੇ ਫੈਲ ਜਾਂਦੇ ਹਨ ਅਤੇ ਪੱਤੇ ਸੁੱਕ ਤੇ ਝੜ ਜਾਂਦੇ ਹਨ। ਇਹ ਉੱਲੀ ਰੋਗ ਦੇ ਬੀਜਾਣੂੰ ਫਸਲ ਦੀ ਰਹਿੰਦ-ਖੂੰਹਦ ਦੇ ਵਿਚ ਰਹਿ ਜਾਂਦੇ ਹਨ।

ਆਲਟਰੇਨੀਆਂ ਉੱਲੀਆਂ ਦੇ ਹਮਲੇ ਨਾਲ ਪੱਤਿਆਂ ਉੱਤੇ ਹਲਕੇ ਪੀਲੇ ਤੇ ਭੂਰੇ ਰੰਗ ਦੇ ਬੇਢੰਗੇ ਆਕਾਰ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਬਾਅਦ ਵਿਚ ਗੂੜ੍ਹੇ ਹੋ ਜਾਂਦੇ ਹਨ ਅਤੇ ਇਹਨਾਂ ਧੱਬਿਆਂ ਵਿਚ ਗੋਲ ਧਾਰੀਆਂ ਵੀ ਬਣ ਜਾਂਦੀਆਂ ਹਨ। ਨਰਮੇ ਦੀ ਫਸਲ ਉੱਤੇ ਪੱਤਿਆਂ ਦੇ ਧੱਬਿਆਂ ਦਾ ਰੋਗ ਖਾਸ ਕਰਦੇ ਮਾਇ ਰੋਥੀਸ਼ੀਅਮ ਅਤੇ ਸਰਕੋਸਪੋਰਾ ਉੱਲੀ ਨਾਲ ਲੱਗਦਾ ਹੈ ਜਦੋਂ ਕਿ ਆਲਟਰੇਨੀਆਂ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

---------------------------------

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 29**
**ਮਿਤੀ 20-07-2024**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਪੰਜਾਬ ਵਿੱਚ ਸਬਜ਼ੀਆਂ ਰਾਹੀਂ ਫਸਲੀ ਵਿਭਿੰਨਤਾ


**ਮਨੀਸ਼ਾ ਠਾਕੁਰ, ਵਜਿੰਦਰ ਪਾਲ ਕਾਲੜਾ ਅਤੇ ਸੋਹਣ ਸਿੰਘ ਵਾਲੀਆ, ਸਕੂਲ ਆਫ ਆਰਗੈਨਿਕ ਫਾਰਮਿੰਗ, ਪੀ. ਏ. ਯੂ., ਲੁਧਿਆਣਾ (ਮੋ. 85804-74170)**


ਲੋਕਾਂ ਵਿਚ ਸਿਹਤ-ਸੰਭਾਲ ਪ੍ਰਤੀ ਵੱਧ ਰਹੀ ਜਾਗਰੂਕਤਾ ਤੇ ਰਸਾਇਣਾਂ ਦੇ ਵੱਧ ਰਹੇ ਇਸਤੇਮਾਲ ਨੇ ਜੈਵਿਕ ਸਬਜ਼ੀਆਂ ਦੀ ਖੇਤੀ ਵੱਲ ਲੋਕਾਂ ਦਾ ਧਿਆਨ ਖਿੱਚਿਆ ਹੈ। ਇਸ ਤਰ੍ਹਾਂ ਕਿਸਾਨ ਆਪਣੀ ਸਬਜ਼ੀ ਵੱਧ ਭਾਅ ਤੇ ਵੇਚ ਕੇ ਵੱਧ ਲਾਭ ਵੀ ਕਮਾ ਰਹੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਜੈਵਿਕ ਖੇਤੀ ਅਧੀਨ ਆਉਂਦੇ ਕਈ ਫਸਲੀ ਚੱਕਰਾਂ ਦੀ ਸਿਫਾਰਿਸ਼ ਵੀ ਕੀਤੀ ਹੈ ।

ਇਸ ਤੋਂ ਇਲਾਵਾ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਹੇਠਾਂ ਲਿਖੀਆਂ ਸਬਜ਼ੀਆਂ ਦੀ ਉੱਨਤ ਕਿਸਮਾਂ ਦੀ ਸਿਫਾਰਿਸ਼ ਗਰਮ ਰੁੱਤ ਵਿਚ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਕਾਸ਼ਤ ਕਰਨ ਲਈ ਕੀਤੀ ਹੈ ।

1. ਪੇਠਾ : ਪੀ.ਏ.ਜੀ-3
2. ਕਰੇਲਾ : ਪੰਜਾਬ-14, ਪੰਜਾਬ ਕਰੇਲਾ-15, ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲੀ-1
3. ਘੀਆ ਕੱਦੂ : ਪੰਜਾਬ ਕੋਮਲ, ਪੰਜਾਬ ਬਹਾਰ, ਪੰਜਾਬ ਬਰਕਤ, ਪੰਜਾਬ ਲੌਂਗ
4. ਬੈਂਗਣ : ਪੰਜਾਬ ਨੀਲਮ, ਪੰਜਾਬ ਹਿੰਮਤ, ਪੰਜਾਬ ਰੌਣਕ, ਪੰਜਾਬ ਭਰਭੂਰ, ਪੰਜਾਬ ਸਦਾਬਹਾਰ, ਪੰਜਾਬ ਨਗੀਨਾ
5. ਸ਼ਿਮਲਾ ਮਿਰਚ : ਪੀ ਐੱਸ ਐੱਮ-1
6. ਮਿਰਚ : ਪੰਜਾਬ ਸੰਧੂਰੀ, ਪੰਜਾਬ ਤੇਜ਼, ਪੰਜਾਬ ਸੁਰਖ, ਪੰਜਾਬ ਗੁੱਛੇਦਾਰ
7. ਗੁਆਰ ਫਲੀ : ਪੰਜਾਬ ਗੁਆਰ ਫਲੀ 1
8. ਲੋਬੀਆ : ਕਾਉਪੀਜ਼ 263
9. ਖੀਰਾ : ਪੰਜਾਬ ਖੀਰਾ-1, ਪੰਜਾਬ ਨਵੀਨ
10. ਤਰ : ਪੰਜਾਬ ਲੌਂਗ ਮੈਲਣ-1
11. ਖਰਬੂਜ਼ਾ : ਪੰਜਾਬ ਸ਼ਾਰਦਾ, ਪੰਜਾਬ ਸੁਨਹਿਰੀ, ਹਰਾ ਮਧੂ
12. ਭਿੰਡੀ : ਪੰਜਾਬ ਸੁਹਾਵਣੀ, ਪੰਜਾਬ ਲਾਲਿਮਾ, ਪੰਜਾਬ-8, ਪੰਜਾਬ-7, ਪੰਜਾਬ ਪਦਮਨੀ ।
13. ਹਲਵਾ ਕੱਦੂ : ਪੰਜਾਬ ਨਵਾਬ, ਪੀ.ਏ.ਯੂ. ਮਗਜ਼ ਕੱਦੂ-1, ਪੰਜਾਬ ਸਮਰਾਟ
14. ਟੀਂਡਾ : ਪੰਜਾਬ ਟੀਂਡਾ-1, ਟੀਂਡਾ-48
15. ਕਾਲੀ ਤੋਰੀ : ਪੰਜਾਬ ਨਿਖਾਰ
16. ਚੱਪਣ ਕੱਦੂ : ਪੰਜਾਬ ਚੱਪਣ ਕੱਦੂ-1
17. ਟਮਾਟਰ : ਪੰਜਾਬ ਵਰਖਾ ਬਹਾਰ-1,2,4
18. ਹਲਦੀ : ਪੰਜਾਬ ਹਲਦੀ-1, ਪੰਜਾਬ ਹਲਦੀ-2
19. ਵੰਗਾ : ਪੰਜਾਬ ਵੰਗਾ ਨੰ.-1, ਪੰਜਾਬ ਤਰਵੰਗਾ-1
20. ਤਰਬੂਜ਼ : ਸ਼ੂਗਰ ਬੇਬੀ ।



# ਬੜੂੰਦੀ ਦੀ ਮਨਦੀਪ ਬਣੀ ਪਹਿਲੀ ਮਹਿਲਾ ਡ੍ਰੋਨ ਪਾਇਲਟ



ਰਾਏਕੋਟ ਦੇ ਪਿੰਡ ਬੜੂੰਦੀ ਦੀ ਅਗਾਂਹਵਧੂ ਮਹਿਲਾ ਕਿਸਾਨ ਮਨਦੀਪ ਕੌਰ ਪੰਨੂ ਇਲਾਕੇ ਦੀ ਇਲਾਕੇ ਦੀ ਪਹਿਲੀ ਮਹਿਲਾ ਡ੍ਰੋਨ ਪਾਇਲਟ ਬਣ ਗਈ ਹੈ । ਇਸ ਦੇ ਲਈ ਉਸ ਨੇ ਬਕਾਇਦਾ ਇਫਕੋ ਤੋਂ ਟ੍ਰੇਨਿੰਗ ਲਈ, ਜਿਸ ਤੋਂ ਬਾਅਦ ਮਨਦੀਪ ਕੌਰ ਪੰਨੂ ਨੂੰ ਇਫਕੋ ਵੱਲੋਂ ਫ਼ਸਲਾਂ ’ਤੇ ਸਪਰੇਅ ਕਰਨ ਵਾਲਾ ਡ੍ਰੋਨ ਵੀ ਦਿੱਤਾ ਗਿਆ, ਜਿਸ ਨਾਲ ਉਹ ਸਿਰਫ ਆਪਣੇ ਹੀ ਨਹੀਂ ਇਲਾਕੇ ਦੇ ਵੀ ਕਿਸਾਨਾਂ ਦੇ ਖੇਤਾਂ ਵਿੱਚ ਡ੍ਰੋਨ ਰਾਹੀਂ ਦਵਾਈ ਸਪਰੇਅ ਕਰਕੇ ਪ੍ਰਸਿੱਧੀ ਹਾਸਲ ਕਰ ਰਹੀ ਹੈ ।

ਮਹਿਲਾ ਕਿਸਾਨ ਮਨਦੀਪ ਕੌਰ ਪਤਨੀ ਕੰਵਰਦੀਪ ਸਿੰਘ ਨੇ ਦੱਸਿਆ ਕਿ ਡ੍ਰੋਨ ਸਪਰੇਅ ਤਕਨੀਕ ਖੇਤੀਬਾੜੀ ਕਿੱਤੇ ਲਈ ਕ੍ਰਾਂਤੀਕਾਰੀ ਕਦਮ ਹੈ, ਜਿਸ ਨੂੰ ਵੱਧ ਤੋਂ ਵੱਧ ਕਿਸਾਨਾਂ ਨੂੰ ਅਪਨਾਉਣਾ ਚਾਹੀਦਾ ਹੈ । ਇਸ ਤਕਨੀਕ ਨਾਲ ਜਿੱਥੇ ਕੀਟਨਾਸ਼ਕ ਦਵਾਈਆਂ ਤੇ ਸਮੇਂ ਦੀ ਬੱਚਤ ਹੋਵੇਗੀ, ਕਿਉਂਕਿ ਡ੍ਰੋਨ ਨਾਲ ਇੱਕ ਏਕੜ ਫ਼ਸਲ ’ਤੇ ਸਿਰਫ 7 ਮਿੰਟ ਵਿੱਚ ਦਵਾਈ ਦੀ ਸਪਰੇਅ ਹੁੰਦੀ ਹੈ ਅਤੇ ਝਾੜ ਵਿੱਚ ਵੀ 15 ਫੀਸਦੀ ਤੱਕ ਦਾ ਵਾਧਾ ਹੁੰਦਾ ਹੈ । ਡ੍ਰੋਨ ਸਪਰੇਅ ਤਕਨੀਕ ਨਾਲ ਕੀਟਨਾਸ਼ਕ ਦਵਾਈ ਦਾ ਸਿੱਧਾ ਫ਼ਸਲ ਦੇ ਪੱਤਿਆਂ ’ਤੇ ਛਿੜਕਾਅ ਹੁੰਦਾ ਹੈ, ਜੋ ਫ਼ਸਲ ਲਈ ਲਾਹੇਵੰਦ ਹੁੰਦਾ ਹੈ ।

### ਪਤੀ ਤੇ ਪਰਿਵਾਰ ਦਾ ਮਿਲ ਰਿਹਾ ਵੱਡਮੁੱਲਾ ਯੋਗਦਾਨ

ਮਨਦੀਪ ਕੌਰ ਨੇ ਦੱਸਿਆ ਕਿ ਪਰਿਵਾਰ ਖਾਸ ਕਰਕੇ ਪਤੀ ਕਵਰਦੀਪ ਸਿੰਘ ਪੰਨੂ ਦੇ ਸਹਿਯੋਗ ਸਦਕਾ ਹੀ ਉਸ ਨੇ ਇਸ ਕੰਮ ਸਫਲਤਾ ਹਾਸਲ ਕੀਤੀ ਹੈ ਅਤੇ ਉਨ੍ਹਾਂ ਦਾ ਪਰਿਵਾਰ 8 ਏਕੜ ਜ਼ਮੀਨ ਠੇਕੇ ’ਤੇ ਲੈ ਕੇ ਸਬਜ਼ੀਆਂ, ਫਲਾਂ ਆਦਿ ਦੀ ਕਾਸ਼ਤ ਕਰਦੇ ਹਨ । ਇਸ ਡ੍ਰੋਨ ਤਕਨੀਕ ਨਾਲ ਉਨ੍ਹਾਂ ਨੂੰ ਖੇਤੀ ਕਰਨ ਵਿੱਚ ਕਾਫੀ ਫਾਇਦਾ ਮਿਲਿਆ ਹੈ । ਉਨ੍ਹਾਂ ਪੰਜਾਬ ਦੀਆਂ ਹੋਰਨਾਂ ਔਰਤਾਂ ਨੂੰ ਆਪਣੇ ਪਰਿਵਾਰ ਦੇ ਮੋਢੇ ਨਾਲ ਮੋਢੇ ਜੋੜ ਕੇ ਆਧੁਨਿਕ ਤਰੀਕੇ ਨਾਲ ਖੇਤੀ ਕਰਨ ਦੀ ਅਪੀਲ ਕੀਤੀ ਤਾਂ ਜੋ ਘਾਟੇ ਵੱਲ ਜਾ ਰਹੇ ਖੇਤੀ ਧੰਦੇ ਨੂੰ ਮੁਨਾਫੇ ਵੱਲ ਲਿਜਾਇਆ ਜਾ ਸਕੇ ।

### ਕੇਂਦਰ ਸਰਕਾਰ ’ਤੇ ਇਫਕੋ ਦੀ ‘ਨਮੋ ਡ੍ਰੋਨ ਦੀਦੀ’ ਸਕੀਮ ਵਿੱਚ ਚੁਣੀ ਗਈ ਹੈ ਮਨਦੀਪ ਕੌਰ ਪੰਨੂ

ਟੀਚਿੰਗ ਲਾਈਨ ਨਾਲ



ਜੁੜੀ ਹੋਈ ਮਨਦੀਪ ਕੌਰ ਪੰਨੂ ਬੜੂੰਦੀ ਪਿਛਲੇ ਸਾਲ ਕੇਂਦਰ ਸਰਕਾਰ ਅਤੇ ਇਫਕੋ ਵੱਲੋਂ ਚਲਾਈ ‘ਨਮੋ ਡਰੋਨ ਦੀਦੀ’ ਸਕੀਮ ਦੀ ਇੰਟਰਵਿਊ ਵਿੱਚ ਚੁਣੀ ਗਈ ਸੀ ਅਤੇ ਉਸ ਸਮੇਤ ਚੁਣੀਆਂ ਗਈਆਂ ਪੰਜਾਬ ਦੀਆਂ ਹੋਰ 20-25 ਔਰਤਾਂ ਨੂੰ ਹਰਿਆਣਾ ਦੇ ਮਾਨੇਸਰ (ਗੁਰੂਗ੍ਰਾਮ) ਵਿਖੇ ਮੁਫ਼ਤ 15 ਦਿਨਾਂ ਦੀ ਸਿਖਲਾਈ ਦਿੱਤੀ ਗਈ, ਜਿਸ ਦੌਰਾਨ ਥਿਊਰੀਕਲ ਜਾਣਕਾਰੀ ਦੇ ਨਾਲ-ਨਾਲ ਡਰੋਨ ਉਡਾਉਣ ਦੀ ਪ੍ਰੈਕਟੀਕਲ ਸਿਖਲਾਈ ਦਿੱਤੀ ਗਈ । ਇਫਕੋ ਵੱਲੋਂ ਉਨ੍ਹਾਂ ਨੂੰ ਪੰਜਾਬ ਦਾ ਪਹਿਲਾ ਆਈਓ-ਟੈਕ ਕੰਪਨੀ ਦਾ ਡਰੋਨ, ਇੱਕ ਇਲੈਕਟਰੋ ਵਹੀਕਲ (ਥ੍ਰੀਵਲਰ ਟੈਂਪੂ) ਤੇ ਹੌਂਡਾ ਕੰਪਨੀ ਦਾ ਜਨਰੇਟਰ ਮੁਫਤ ਦਿੱਤਾ ਗਿਆ, ਜਿਨ੍ਹਾਂ ਦੀ ਅੰਦਾਜ਼ਨ ਕੀਮਤ 16 ਲੱਖ ਰੁਪਏ ਦੇ ਕਰੀਬ ਬਣਦੀ ਹੈ, ਉਥੇ ਹੀ ਇਫਕੋ ਨਾਲ ਉਨ੍ਹਾਂ ਦਾ ਪੰਜ ਸਾਲ ਦਾ ਐਗਰੀਮੈਂਟ ਵੀ ਹੋਇਆ ਹੈ, ਜਿਸ ਤਹਿਤ ਕੰਪਨੀ ਵੱਲੋਂ ਸਮੇਂ-ਸਮੇਂ ’ਤੇ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਜਿਸ ਸਦਕਾ ਉਹ ਬਿਹਤਰੀਨ ਤਰੀਕੇ ਨਾਲ ਖੇਤਾਂ ਵਿੱਚ ਫ਼ਸਲਾਂ ਉੱਪਰ ਨੈਨੋ ਯੂਰੀਆ ਤੇ ਨੈਨੋ ਡੀ. ਏ. ਪੀ. ਖਾਦ ਦਾ ਛਿੜਕਾਅ ਕਰਦੇ ਹਨ ।



### ਸਾਉਣੀ ਰੁੱਤ ਦੀ

# ਮੱਕੀ ਨੂੰ ਕੀੜੇ-ਮਕੌੜਿਆਂ ਤੋਂ ਬਚਾਓ

ਜਵਾਲਾ ਜਿੰਦਲ, ਕਮਲਜੀਤ ਸਿੰਘ ਸੰਘਾ ਅਤੇ ਮਨਿੰਦਰ ਸਿੰਘ ਬੌਂਸ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 99884-01521)

ਮੱਕੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿਚੋਂ ਸਭ ਤੋਂ ਹਾਨੀਕਾਰਕ ਫਾਲ ਆਰਮੀਵਰਮ ਅਤੇ ਮੱਕੀ ਦਾ ਗੜੂੰਆਂ ਹੈ। ਫਾਲ ਆਰਮੀਵਰਮ ਮਈ 2018 ਵਿਚ ਭਾਰਤ ਪਹੁੰਚਣ ਤੋਂ ਬਾਅਦ ਲਗਾਤਾਰ ਮੱਕੀ ਦੀ ਫਸਲ ਤੇ ਨੁਕਸਾਨ ਕਰ ਰਿਹਾ ਹੈ। ਪੰਜਾਬ ਵਿਚ ਵੀ ਫਸਲ ਤੇ ਇਸ ਕੀੜੇ ਦਾ ਹਮਲਾ ਦੇਖਿਆ ਜਾ ਰਿਹਾ ਹੈ। ਪਰ ਇਸ ਕੀੜੇ ਦੀ ਰੋਕਥਾਮ ਪੀ.ਏ.ਯੂ. ਵੱਲੋਂ ਕੀਤੀਆਂ ਸਿਫਾਰਸ਼ਾਂ ਸਮੇਂ ਸਿਰ ਅਪਨਾਉਣ ਨਾਲ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਮੱਕੀ ਤੇ ਇਸ ਕੀੜੇ ਦੇ ਹਮਲੇ ਪ੍ਰਤੀ ਸੁਚੇਤ ਰਹਿਣ ਦੀ ਬਹੁਤ ਲੋੜ ਹੈ।

**ਫਾਲ ਆਰਮੀਵਰਮ ਦੀ ਪਛਾਣ ਅਤੇ ਜੀਵਨ ਚੱਕਰ** : ਫਾਲ ਆਰਮੀਵਰਮ ਕੀੜਾ ਚਾਰ-ਅਵਸਥਾਵਾਂ (ਅੰਡਾ, ਸੁੰਡੀਆਂ, ਕੋਆ ਅਤੇ ਪਤੰਗਾ) ਵਿਚ ਆਪਣਾ ਜੀਵਨ-ਚੱਕਰ ਪੂਰਾ ਕਰਦਾ ਹੈ। ਇਸ ਕੀੜੇ ਦੀ ਮਾਦਾ ਪਤੰਗਾ 1000 ਅੰਡੇ ਦੇ ਸਕਦੀ ਹੈ ਅਤੇ ਇਕ ਰਾਤ ਵਿਚ 100 ਕਿਲੋਮੀਟਰ ਤੱਕ ਉੱਡ ਸਕਦੀ ਹੈ। ਅੰਡੇ ਝੁੰਡਾਂ ਦੇ ਰੂਪ ਵਿਚ (100-150 ਅੰਡੇ ਪ੍ਰਤੀ ਝੁੰਡ) ਪੱਤੇ ਦੀ (ਆਮ ਤੌਰ 'ਤੇ) ਉੱਪਰਲੀ ਜਾਂ ਹੇਠਲੀ ਸਤਹਿ ਤੇ ਦਿੱਤੇ ਹੁੰਦੇ ਹਨ। ਅੰਡਿਆਂ ਵਿਚੋਂ ਸੁੰਡੀਆਂ 4 ਤੋਂ 6 ਦਿਨਾਂ ਵਿਚ ਨਿਕਲ ਆਉਂਦੀਆਂ ਹਨ। ਅਨੁਕੂਲ ਹਲਾਤਾਂ ਵਿਚ ਸੁੰਡੀ 14 ਤੋਂ 18 ਦਿਨਾਂ ਤੱਕ ਪਲਦੀ ਹੈ। ਇਸ ਤੋਂ ਬਾਅਦ ਕੋਆ (ਪਿਊਪਾ) ਬਣਦਾ ਹੈ ਜੋ 8 ਤੋਂ 10 ਦਿਨਾਂ ਵਿਚ ਬਾਲਗ ਕੀੜਾ (ਪਤੰਗਾ) ਬਣ ਜਾਂਦਾ ਹੈ। ਬਾਲਗ ਕੀੜਾ 4 ਤੋਂ 6 ਦਿਨ ਜਿਊਂਦਾ ਰਹਿੰਦਾ ਹੈ। ਫਾਲ ਆਰਮੀਵਰਮ ਦੀ ਸੁੰਡੀ ਦੀ ਪਛਾਣ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਪੁੱਠੇ ਨਿਸ਼ਾਨ ਅਤੇ ਪਿਛਲੇ ਸਿਰ ਵੱਲ ਚੌਰਸ ਆਕਾਰ ਵਿਚ ਬਣੇ ਚਾਰ ਬਿੰਦੂਆਂ ਤੋਂ ਹੋ ਜਾਂਦੀ ਹੈ। ਇਸ ਦਾ ਪਿਊਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਤੇ ਜ਼ਮੀਨ ਅੰਦਰ ਹੁੰਦਾ ਹੈ। ਨਰ ਪਤੰਗੇ ਦੇ ਅਗਲੇ ਖੰਭਾਂ ਦੇ ਮੱਧ ਵਿਚ ਇੱਕ ਹਲਕੇ ਭੂਰੇ ਰੰਗ ਦਾ ਧੱਬਾ ਅਤੇ ਸਿਰੇ ਤੇ ਚਿੱਟੇ ਰੰਗ ਦੀ ਪੱਟੀ ਹੁੰਦੀ ਹੈ। ਇਸ ਕੀੜੇ ਦੀ ਵੱਧਣ ਫੁੱਲਣ ਲਈ ਮੌਸਮ ਵੀ ਇਕ ਪ੍ਰਮੁੱਖ ਭੂਮਿਕਾ ਹੈ। ਕੀੜੇ ਦੇ ਤੇਜ਼ੀ ਨਾਲ ਵਿਕਾਸ ਲਈ ਔਸਤਨ 25-30 ਡਿਗਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ। ਪੰਜਾਬ ਵਿਚ ਸਾਉਣੀ ਰੁੱਤ ਵਿਚ ਇਸ ਦਾ ਜ਼ਿਆਦਾ ਹਮਲਾ ਜੁਲਾਈ ਤੋਂ ਸਤੰਬਰ ਵਿਚ ਵੇਖਿਆ ਗਿਆ ਹੈ।

**ਮੱਕੀ ਤੇ ਨੁਕਸਾਨ ਦੇ ਲੱਛਣ** : ਫਾਲ ਆਰਮੀਵਰਮ ਛੋਟੀ ਫਸਲ ਤੋਂ ਲੈ ਕੇ ਛੱਲੀ ਬਣਨ ਤੱਕ ਫਸਲ ਨੂੰ ਨੁਕਸਾਨ ਪਹੁੰਚਾਉਂਦਾ, ਪਰ ਗੋਭ ਵਿਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ। ਹਮਲੇ ਦੇ ਸ਼ੁਰੂਆਤ ਵਿਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹਿ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਨ ਪੱਤਿਆਂ ਉੱਤੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ। ਜਦੋਂ ਸੁੰਡੀਆਂ ਵੱਡੀਆਂ ਹੁੰਦੀ ਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵੱਧਦਾ ਜਾਂਦਾ ਹੈ। ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿਚ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਦਿਨ ਦੇ ਸਮੇਂ ਸੁੰਡੀਆਂ ਗੋਭ ਵਿਚ ਲੁਕ ਜਾਂਦੀਆਂ ਹਨ।

**ਰੋਕਥਾਮ** : ਇਸ ਕੀੜੇ ਦੀ ਰੋਕਥਾਮ ਦੇ ਉਪਰਾਲੇ ਸੁੰਡੀਆਂ ਖੇਤ ਵਿਚ ਨਜ਼ਰ ਆਉਂਦੇ ਸਾਰ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਛੋਟੀਆਂ ਸੁੰਡੀਆਂ ਦੀ ਰੋਕਥਾਮ ਸੌਖੀ ਹੋ ਜਾਂਦੀ ਹੈ। ਰੋਕਥਾਮ ਲਈ ਹੇਠ ਦੱਸੇ ਉਪਰਾਲੇ ਅਤੇ ਕੀਟਨਾਸ਼ਕ ਸਿਫਾਰਿਸ਼ ਕੀਤੇ ਗਏ ਹਨ :

★ ਫਸਲ ਦਾ ਸਰਵੇਖਣ ਹਫਤੇ ਦੇ ਵਕਫੇ ਤੇ ਕਰਦੇ ਰਹਿਣਾ ਚਾਹੀਦਾ ਹੈ। ਆਮ ਤੌਰ ਤੇ ਇਸ ਕੀੜੇ ਦਾ ਹਮਲਾ ਖੇਤਾਂ ਵਿਚ ਧੌੜੀਆਂ ਵਿਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿਚ ਫੈਲ ਜਾਂਦਾ ਹੈ। ਸਰਵੇਖਣ ਲਈ ਖੇਤ ਦੀਆਂ ਸਾਈਡਾਂ ਤੋਂ 4-5 ਕਤਾਰਾਂ ਛੱਡ ਕੇ 'W' ਦੇ ਆਕਾਰ ਵਿਚ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ। ਇਕ ਥਾਂ ਤੇ ਰੁੱਕ ਕੇ ਉਸ ਜਗ੍ਹਾ ਤੋਂ 20-20 ਪੌਦਿਆਂ ਨੂੰ ਚੰਗੀ ਤਰ੍ਹਾਂ ਪਰਖੋ ਅਤੇ ਹਮਲਾ ਵਾਲੇ ਪੌਦਿਆਂ ਦੀ ਗਿਣਤੀ ਕਰੋ। ਸਾਉਣੀ ਰੁੱਤ ਦੀ ਫਸਲ ਦੀ ਬਿਜਾਈ ਸਿਰਫ ਸਿਫਾਰਸ਼ ਸਮੇਂ (25 ਮਈ ਤੋਂ 30 ਜੂਨ ਤੱਕ) ਦੌਰਾਨ ਹੀ ਕਰਨੀ ਚਾਹੀਦੀ ਹੈ।

(ਚੱਲਦਾ)




## ਬਰਸਾਤਾਂ ਦੌਰਾਨ

# ਪਸ਼ੂਆਂ ਦੀ ਸਿਹਤ ਸੰਭਾਲ ਲਈ ਸਿਫਾਰਿਸ਼ਾਂ

ਕੰਵਰਪਾਲ ਸਿੰਘ ਢਿੱਲੋਂ, ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ (ਮੋ. 99156-78787)

ਜੁਲਾਈ-ਅਗਸਤ ਦੇ ਮਹੀਨਿਆਂ ਵਿਚ ਤਾਪਮਾਨ ਭਾਵੇਂ ਮਈ-ਜੂਨ ਨਾਲ ਘੱਟ ਹੋ ਜਾਂਦਾ ਹੈ, ਪਰ ਹਵਾ ਵਿਚ ਵਾਧੂ ਨਮੀਂ ਹੋਣ ਕਰਕੇ ਇਹ ਵਾਲੀ ਗਰਮੀ ਪਸ਼ੂਆਂ ਦੇ ਲਈ ਜ਼ਿਆਦਾ ਹਾਨੀਕਾਰਕ ਹੁੰਦੀ ਹੈ। ਗਰਮੀ ਦੇ ਮੌਸਮ ਤੋਂ ਬਾਅਦ



ਠੰਡੇ ਬਰਸਾਤੀ ਮੌਸਮ ਦੇ ਇਕਦਮ ਬਦਲਾਅ ਕਾਰਨ ਪਸ਼ੂਆਂ ਵਿਚ ਤਣਾਅ ਹੁੰਦਾ ਹੈ ਜੋ ਕਿ ਪਸ਼ੂਆਂ ਦੇ ਦੁੱਧ ਉਤਪਾਦਨ, ਪ੍ਰਜਨਣ, ਸਰੀਰਕ ਵਾਧੇ ਅਤੇ ਖੁਰਾਕ ਖਾਣ ਦੀ ਸਮੱਰਥਾ ਉੱਤੇ ਮਾੜਾ ਪ੍ਰਭਾਵ ਪਾਉਂਦਾ ਹੈ। ਇਸ ਲਈ ਬਰਸਾਤ ਦੇ ਮੌਸਮ ਵਿਚ ਪਸ਼ੂਆਂ ਦੀ ਸਾਂਭ-ਸੰਭਾਲ ਬਹੁਤ ਜਰੂਰੀ ਹੈ। ਬਰਸਾਤ ਦੇ ਮੌਸਮ ਦੌਰਾਨ ਪਸ਼ੂ ਪਾਲਕਾਂ ਨੂੰ ਪੇਸ਼ ਆਉਂਦੀਆਂ ਕੁਝ ਆਮ ਸਮੱਸਿਆਵਾਂ ਅਤੇ ਉਹਨਾਂ ਦੇ ਰੋਕਥਾਮ ਦੇ ਹੱਲ ਹੇਠ ਲਿਖੇ ਅਨੁਸਾਰ ਹਨ :

1. ਬਰਸਾਤਾਂ ਦੌਰਾਨ ਪਸ਼ੂਆਂ ਨੂੰ ਚਰਾਉਣ ਲਈ ਨਾ ਲੈ ਕੇ ਜਾਓ। ਪਸ਼ੂਆਂ ਨੂੰ ਪੀਣ ਯੋਗ ਤਾਜ਼ਾ ਸਾਫ ਪਾਣੀ ਦਿਓ। ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ ਜਿਹਨਾਂ ਕਰਕੇ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਇਸ ਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਸਮੇਂ-ਸਮੇਂ ਸਿਰ ਮਲੱਪ/ਕਿਰਮ ਰਹਿਤ ਕਰੋ।

2. ਤੇਜ ਮੀਂਹ ਪੈਣ ਤੇ ਪਸ਼ੂਆਂ ਨੂੰ ਛੱਤ ਹੇਠਾਂ ਰੱਖੋ ਅਤੇ ਵਾੜ੍ਹਿਆਂ ਦੀਆਂ ਚੋਂਦੀਆਂ ਛੱਤਾਂ ਦੀ ਮੁਰੰਮਤ ਕਰਵਾਓ। ਮੀਂਹ ਅਤੇ ਹੜ੍ਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਰਸਾਤਾਂ ਦੌਰਾਨ ਹਵਾ ਵਿਚ ਨਮੀਂ ਦਾ ਪੱਧਰ ਵਧ ਜਾਂਦਾ ਹੈ ਜਿਸ ਕਰਕੇ ਮੱਛਰ, ਮੱਖੀਆਂ ਅਤੇ ਚਿੱਚੜਾਂ ਸਮੇਤ ਪਸ਼ੂਆਂ ਦੇ ਪਰਜੀਵੀਆਂ ਦੀ ਗਿਣਤੀ ਵੱਧ ਜਾਂਦੀ ਹੈ। ਇਹ ਚਿੱਚੜ ਤੇ ਮੱਖੀਆਂ ਪਸ਼ੂਆਂ ਅੰਦਰ ਥਲੇਰੀਆ, ਐਨਾਪਲਾਸਮਾ ਵਰਗੀ ਬਿਮਾਰੀਆਂ ਫੈਲਾਉਂਦੇ ਹਨ। ਲੰਪੀ ਚਮੜੀ ਰੋਗ ਦੀ ਬਿਮਾਰੀ ਵੀ ਮੱਖੀਆਂ ਨਾਲ ਫੈਲਦੀ ਹੈ। ਪਸ਼ੂਆਂ ਦੇ ਵਾੜਿਆਂ ਵਿਚ ਚਿੱਚੜਾਂ 'ਤੇ ਕਾਬੂ ਪਾਉਣ ਲਈ ਸ਼ੈੱਡ ਦੀ ਫਰਸ਼ ਅਤੇ ਕੰਧਾਂ ਵਿਚ ਬਣੀਆਂ ਤਰੇੜਾਂ ਜਾਂ ਵਿਰਲਾਂ ਨੂੰ ਭਰ ਕੇ ਪਸ਼ੂਆਂ ਦੇ ਮਾਹਿਰਾਂ ਦੀ ਸਲਾਹ ਨਾਲ ਸਿਫਾਰਸ਼ ਦਵਾਈਆਂ ਦਾ ਛਿੜਕਾਅ ਕਰਨਾ ਚਾਹੀਦਾ ਹੈ।

3. ਵਾਤਾਵਰਨ ਵਿਚਲੀ ਸਿੱਲ੍ਹ ਕਾਰਨ ਪਸ਼ੂਆਂ ਦੀ ਫੀਡ, ਤੂੜੀ ਅਤੇ ਅਚਾਰ ਆਦਿ ਨੂੰ ਉੱਲੀ ਲੱਗ ਸਕਦੀ ਹੈ ਜਿਸ ਕਾਰਨ ਪਸ਼ੂ ਜ਼ਹਿਰਵਾਦ ਦਾ ਸ਼ਿਕਾਰ ਹੋ ਸਕਦੇ ਹਨ। ਪਸ਼ੂਆਂ ਦੀ ਖੁਰਾਕ ਨੂੰ ਸਿੱਲ੍ਹ ਤੋਂ ਬਚਾਉਣ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ। ਪੱਠੇ ਅਤੇ ਖੁਰਾਕ ਦੀ ਕਮੀ ਕਾਰਨ ਪਸ਼ੂਆਂ ਦਾ ਰੱਖਿਆ-ਤੰਤਰ ਕਮਜ਼ੋਰ ਪੈ ਜਾਂਦਾ ਹੈ। ਧਾਤਾਂ ਦੇ ਚੂਰੇ ਦੀ ਵਰਤੋਂ ਨਾਲ ਪਸ਼ੂਆਂ ਦੀ ਰੋਗਾਂ ਨਾਲ ਲੜਨ ਦੀ ਤਾਕਤ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

4. ਵਾੜੇ ਅੰਦਰ ਸਫਾਈ ਰੱਖੋ ਅਤੇ ਪਾਣੀ ਨਾ ਖੜ੍ਹਨ ਦਿਓ। ਗਿੱਲੇ ਥਾਂ ਵਿਚ ਖੜ੍ਹੇ ਰਹਿਣ ਕਾਰਨ ਪਸ਼ੂਆਂ ਦੇ ਖੁਰਾਂ ਦਾ ਗਲਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਪਸ਼ੂਆਂ ਵਿਚ ਲੰਗੜਾਪਣ ਦੀ ਸਮੱਸਿਆ ਸ਼ੁਰੂ ਹੋ ਸਕਦੀ ਹੈ। ਪਸ਼ੂਆਂ ਦੇ ਖੁਰਾਂ ਨੂੰ 5 ਪ੍ਰਤੀਸ਼ਤ ਫਾਰਮਾਲਿਨ ਦੇ ਘੋਲ ਵਿਚ ਡੋਬਾ ਦੇਣ ਨਾਲ ਖੁਰਾਂ ਦੇ ਗਲਣ ਤੋਂ ਰੋਕਿਆ ਜਾ ਸਕਦਾ ਹੈ। ਵਾੜਿਆਂ ਵਿਚ ਨਮੀਂ ਵਧਣ ਕਾਰਨ ਪਸ਼ੂਆਂ ਨੂੰ ਗਲਘੋਟੂ ਦੀ ਬਿਮਾਰੀ ਅਤੇ ਥਨੈਲਾ ਰੋਗ ਵੀ ਹੋ ਸਕਦਾ ਹੈ। ਦੁੱਧ ਦੀ ਚੁਆਈ ਤੋਂ ਬਾਅਦ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ ਦੇ 3 : 1 ਹਿੱਸਿਆਂ ਦੇ ਘੋਲ ਵਿਚ ਡੋਬਾ ਦੇਣਾ ਚਾਹੀਦਾ ਹੈ।


5. ਬਰਸਾਤਾਂ ਤੋਂ ਪਹਿਲਾਂ ਪਸ਼ੂਆਂ ਨੂੰ ਲੰਮੀ ਚਮੜੀ ਰੋਗ, ਗੱਲ-ਘੋਟੂ, ਬਲੈਕ ਕੁਆਰਟਰ/ਪੱਟ ਸੋਜਾ, ਪੀ. ਪੀ. ਆਰ, ਈ. ਟੀ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਜਰੂਰ ਕਰਵਾਓ।

------ ਬਾਕੀ ਸਫਾ 3 ਦੀ ------

# ਨਰਮੇ ਕਪਾਹ ਦੀਆਂ ਜੈਵਿਕ ਅਤੇ ਅਜੀਵਿਕ ਸਮੱਸਿਆਵਾਂ ਦੀ ਰੋਕਥਾਮ

ਉੱਲੀ ਨਾਲ ਘੱਟ ਦੇਖਣ ਵਿਚ ਆਉਂਦਾ ਹੈ। ਪਿਛਲੇ ਚਾਰ ਪੰਜ ਸਾਲਾਂ ਵਿਚ ਨਰਮੇ ਦੇ ਖੇਤਾਂ ਵਿਚ ਪੱਤਿਆਂ ਦੇ ਧੱਬੇ ਦਾ ਰੋਗ 100 ਦਿਨ ਦੇ ਬਾਅਦ ਵੇਖਣ ਵਿਚ ਆਉਂਦਾ ਹੈ ਪਰ ਇਸ ਦਾ ਨਰਮੇ ਦੀ ਫਸਲ ਦੇ ਝਾੜ ਉੱਪਰ ਬਹੁਤ ਘੱਟ ਅਸਰ ਪੈਂਦਾ ਹੈ। ਜਦੋਂ ਨਰਮੇ ਦੀ ਫਸਲ ਉੱਤੇ ਬੱਦਲਵਾਈ ਜਾਂ ਭਾਰੀ ਬਾਰਸ਼ ਹੋ ਜਾਵੇ ਤਾਂ ਇਸ ਬਿਮਾਰੀ ਦੀ ਸਮੱਸਿਆ ਵੱਧ ਜਾਂਦੀ ਹੈ। ਸਾਉਣੀ 2023





ਵਿਚ ਸਤੰਬਰ ਮਹੀਨੇ ਵਿਚ ਮੀਂਹ ਕਾਰਨ ਪੱਤਿਆਂ ਦੇ ਧੱਬਿਆਂ ਦਾ ਰੋਗ ਬਿਜਾਈ ਤੋਂ 115-120 ਦਿਨਾਂ ਬਾਅਦ ਦੇਖਣ ਵਿਚ ਆਇਆ।

**ਉਪਾਅ** : ਇਸ ਬਿਮਾਰੀ ਦੇ ਲੱਛਣ ਜਦੋਂ ਨਰਮੇ ਦੀ ਫਸਲ ਉੱਪਰ ਵਿਖਾਈ ਦੇਣ ਉਸ ਸਮੇਂ 200 ਮਿਲੀਲਿਟਰ ਐਮੀਸਟਾਰ ਟੋਪ 325 ਐਸ ਸੀ (ਐਜੋਕਸੀਸਟਰੋਬਿਨ + ਡਾਈਫੈਨੋਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਮੁਤਾਬਕ 15-20 ਦਿਨਾਂ ਦੇ ਵਕਫੇ ਤੇ ਇਹ ਛਿੜਕਾਅ ਦੁਬਾਰਾ ਕੀਤਾ ਜਾ ਸਕਦਾ ਹੈ।

**3. ਬੈਕਟੀਰੀਅਲ ਬਲਾਈਟ**

ਇਹ ਬਿਮਾਰੀ ਬੈਕਟੀਰੀਆ ਜੀਵਾਣੂ ਨਾਲ ਫੈਲਦੀ ਹੈ। ਦੱਖਣੀ ਪੱਛਮੀ ਖੇਤਰ ਵਿਚ ਨਰਮੇ ਦੀ ਫਸਲ ਉੱਤੇ ਜ਼ਿਆਦਾ ਪ੍ਰਕੋਪ ਵੀਨ ਬਲਾਈਟ ਦਾ ਦੇਖਣ ਵਿਚ ਆਉਂਦਾ ਹੈ। ਖਾਸ ਕਰਕੇ ਇਹ ਬਿਮਾਰੀ ਸਿਲ੍ਹੇ ਮੌਸਮ ਵਿਚ ਵੱਧ ਹਮਲਾ ਕਰਦੀ ਹੈ। ਇਸ ਬਿਮਾਰੀ ਦੀ ਸਮੱਸਿਆ ਭਾਰੀ ਬਾਰਸ਼ ਹੋਣ ਦੇ ਕਾਰਨ ਹੋਰ ਵੀ ਵੱਧ ਜਾਂਦੀ ਹੈ। ਇਹ ਬਿਮਾਰੀ ਜ਼ਮੀਨ ਤੋਂ ਉੱਪਰਲੇ ਵਾਲੇ ਬੂਟੇ ਦੇ ਸਾਰੇ ਭਾਗਾਂ ਤੇ ਹਮਲਾ ਕਰਦੀ ਹੈ। ਪੱਤਿਆਂ ਦੇ ਦੋਵੇਂ ਪਾਸੇ ਪਾਣੀ ਭਿੱਜੇ ਜਿਹੇ ਨੋਕਦਾਰ ਧੱਬੇ ਪੈ ਜਾਂਦੇ ਹਨ ਅਤੇ ਇਹ ਧੱਬੇ ਬਾਅਦ ਵਿਚ ਭੂਰੇ ਅਤੇ ਫਿਰ ਕਾਲੇ ਹੋ ਕੇ ਸੁੱਕ ਜਾਂਦੇ ਹਨ। ਇਸ ਬਿਮਾਰੀ ਦੇ ਕਣ ਨਵੇਂ ਬਣ ਰਹੇ ਟੀਡਿਆਂ ਉੱਪਰ ਵੀ ਅਸਰ ਕਰਦੇ ਹਨ। ਸ਼ੁਰੂ ਵਿਚ ਟੀਡਿਆਂ ਉੱਪਰ ਪਾਣੀ ਭਿੱਜੇ ਧੱਬੇ ਪਾਉਂਦਾ ਹੈ ਅਤੇ ਬਾਅਦ ਵਿਚ



ਇਹ ਧੱਬੇ ਕਾਲੇ ਭੂਰੇ ਅਤੇ ਵਿਚਕਾਰੋਂ ਅੰਦਰ ਧੱਸੇ ਹੋਏ ਹੁੰਦੇ ਹਨ। ਇਹ ਬਿਮਾਰੀ ਬੀਜ ਅਤੇ ਫਸਲ ਦੀ ਰਹਿੰਦ ਖੂੰਹਦ ਰਾਹੀਂ ਫੈਲਦੀ ਹੈ ਅਤੇ ਇਸ ਬਿਮਾਰੀ ਤੋਂ ਬਚਣ ਲਈ ਬਿਮਾਰੀ ਰਹਿਤ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ।

ਚੱਲਦਾ

ਬਾਕੀ ਸਫਾ 2 ਦੀ

# ਝੋਨੇ ਅਤੇ ਬਾਸਮਤੀ ਦੇ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਓ

ਸਾਰਾ ਖੇਤ ਹੀ ਹਮਲੇ ਹੇਠ ਆ ਜਾਂਦਾ ਹੈ।

**ਰੋਕਥਾਮ :**

**ੳ) ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ।

**ਅ) ਖੜ੍ਹੀ ਫਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ** : ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਪਰ ਇਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ। ਅਜਿਹਾ ਕਰਨ ਨਾਲ ਨਾ ਕੇਵਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਪਾਣੀ ਦੀ ਵੀ ਬੱਚਤ ਹੁੰਦੀ ਹੈ।

**ੲ) ਰਸਾਇਣਕ ਰੋਕਥਾਮ** : ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ ਤਕਰੀਬਨ ਮਹੀਨਾ ਕੁ ਪਿੱਛੋਂ ਹਫਤੇ-ਹਫਤੇ ਬਾਅਦ ਕੁੱਝ ਕੁ ਬੂਟਿਆਂ ਨੂੰ ਟੇਢੇ ਕਰਕੇ 2-3 ਵਾਰ ਹਲਕਾ-ਹਲਕਾ ਥਾਪੜੋ/ਝਾੜੋ। ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਸਾਰਣੀ ਵਿਚ ਦਰਸਾਈ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਚਿਤਾਵਨੀਆਂ**



ੳ) ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।

ਅ) ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ।

ੲ) ਜਦੋਂ ਟਿੱਡਿਆਂ ਦੀ ਗਿਣਤੀ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਹੋਵੇ ਤਾਂ ਸਿਫਾਰਸ਼ ਕੀਤੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਦੀ ਵਰਤੋਂ ਕਰਕੇ ਇਨ੍ਹਾਂ ਦੀ ਰੋਕਥਾਮ ਕਰੋ ਨਹੀਂ ਤਾਂ ਇਨ੍ਹਾਂ ਦੀ ਗਿਣਤੀ ਤੇ ਹਮਲਾ ਵਧਦਾ ਰਹਿੰਦਾ ਹੈ ਅਤੇ ਫਸਲ ਵੱਡੀ ਹੋਣ ਤੇ ਛਿੜਕਾਅ ਕਰਨਾ ਮੁਸ਼ਕਲ ਹੋ ਜਾਂਦਾ ਹੈ।

**4. ਝੋਨੇ ਦਾ ਹਿਸਪਾ**

ਇਸ ਕੀੜੇ ਦਾ ਹਮਲਾ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਖੇ ਕੁੱਝ ਥਾਵਾਂ ਤੋਂ ਦੇਖਿਆ ਗਿਆ ਹੈ। ਬਾਲਗ ਅਵੱਸਥਾ ਵਿਚ ਇਹ ਕੀੜਾ ਇਕ ਕਾਲੇ-ਹਰੇ ਰੰਗ ਦੀ ਚਮਕਦਾਰ, ਲਗਭਗ 5-6 ਮਿਲੀਮੀਟਰ ਲੰਬੀ ਭੂੰਡੀ ਹੁੰਦਾ ਹੈ। ਇਸ ਦੇ ਸਰੀਰ ਛੋਟੇ-ਛੋਟੇ ਕੰਡੇ ਹੋਣ ਕਰਕੇ ਇਸ ਨੂੰ 'ਕੰਡਿਆਲੀ-ਭੂੰਡੀ' ਦੀ ਕਹਿੰਦੇ ਹਨ। ਇਸ ਕੀੜੇ ਦੇ ਬਾਲਗ (ਭੂੰਡੀਆਂ) ਅਤੇ ਬੱਚੇ (ਲੱਤਾਂ ਰਹਿਤ ਸੁੰਡੀਆਂ) ਫਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ। ਲੱਤਾਂ ਰਹਿਤ ਸੁੰਡੀਆਂ ਪੱਤਿਆਂ ਵਿਚ ਸੁਰੰਗਾਂ ਬਣਾ ਕੇ ਅੰਦਰੋ-ਅੰਦਰ ਹਰਾ ਮਾਦਾ ਖਾਂਦੀਆਂ ਹਨ ਪਰ ਭੂੰਡੀਆਂ ਬਾਹਰ ਰਹਿ ਕੇ ਪੱਤਿਆਂ ਨੂੰ ਹੇਠਲੇ ਪਾਸੇ ਤੋਂ ਖੁਰਚ-ਖੁਰਚ ਕੇ ਹਰਾ ਮਾਦਾ ਖਾਂਦੀਆਂ ਹਨ। ਹਮਲੇ ਵਾਲੇ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਇਕ ਸਾਰ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ ਦਿਖਾਈ ਦਿੰਦਾ ਹੈ।

**ਰੋਕਥਾਮ ਦੇ ਆਮ ਢੰਗ :**

**ੳ) ਪੱਤੇ ਲਾਪਰਨਾ** : ਜੇ ਹਮਲਾ ਪਨੀਰੀ ਤੇ ਹੋਵੇ ਤਾਂ ਖੇਤ ਵਿਚ ਲਾਉਣ ਤੋਂ ਪਹਿਲਾਂ ਪਨੀਰੀ ਦੇ ਹਮਲੇ ਵਾਲੇ ਬੂਟਿਆਂ ਦੇ ਪੱਤੇ (ਤਕਰੀਬਨ ਬੂਟੇ ਦਾ ਉੱਪਰਲਾ 1/3 ਹਿੱਸੇ) ਕੱਟ ਕੇ ਨਸ਼ਟ ਕਰ ਦਿਉ।

**ਅ) ਰਸਾਇਣਕ ਰੋਕਥਾਮ** : ਜੇਕਰ ਹਮਲਾ ਖੇਤ ਵਿਚ ਖੜ੍ਹੀ ਫਸਲ ਤੇ ਜਾਪੇ ਤਾਂ ਸਾਰਣੀ ਨੰ. 1 ਵਿਚ ਦਰਸਾਏ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਦੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**5. ਸਿੱਟੇ ਕੁਤਰਨ ਵਾਲੀ ਸੁੰਡੀ**

ਇਹ ਸੁੰਡੀ ਸਤੰਬਰ ਤੋਂ ਨਵੰਬਰ ਤੱਕ ਫਸਲ ਦਾ ਨੁਕਸਾਨ ਕਰ ਸਕਦੀ ਹੈ। ਇਸ ਕੀੜੇ ਦੀਆਂ ਸੁੰਡੀਆਂ ਪੱਤਿਆਂ ਨੂੰ ਕਿਨਾਰਿਆਂ ਤੋਂ ਖਾਣਾ ਸ਼ੁਰੂ ਕਰਦੀਆਂ ਹਨ ਅਤੇ ਪਿੱਛੇ ਸਿਰਫ ਵਿਚਕਾਰਲੀਆਂ ਨਾੜਾਂ ਬਾਕੀ ਛੱਡਦੀਆਂ ਹਨ। ਵੱਡੀਆਂ ਸੁੰਡੀਆਂ ਮੁੰਜਰਾਂ ਦੀਆਂ ਡੰਡੀਆਂ ਕੱਟ ਦੇਂਦੀਆਂ ਹਨ ਜਿਸ ਕਰਕੇ ਇਸ ਕੀੜੇ ਨੂੰ 'ਸਿੱਟੇ ਕੁੱਤਰਨ ਵਾਲੀ ਸੁੰਡੀ' ਵੀ ਕਿਹਾ ਜਾਂਦਾ ਹੈ। ਛੋਟੀਆਂ ਸੁੰਡੀਆਂ ਝੁੰਡਾਂ ਦੇ ਰੂਪ ਵਿਚ ਹੁੰਦੀਆਂ ਹਨ ਜਿਸ ਕਰਕੇ ਇਸ ਕੀੜੇ ਨੂੰ 'ਸੈਨਿਕ ਸੁੰਡੀ' ਵੀ ਕਿਹਾ ਜਾਂਦਾ ਹੈ।

**6. ਘਾਹ ਦੇ ਟਿੱਡੇ**

ਇਹ ਟਿੱਡੇ ਝੋਨੇ ਦੀ ਪਨੀਰੀ ਅਤੇ ਫਸਲ ਦੇ ਪੱਤੇ ਖਾ ਕੇ ਨੁਕਸਾਨ ਕਰਦੇ ਹਨ।

**ਰੋਕਥਾਮ** : ਇਨ੍ਹਾਂ ਦੀ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫਾਰਸ਼ ਕੀਟਨਾਸ਼ਕ ਹੀ ਵਰਤੇ ਜਾ ਸਕਦੇ ਹਨ।

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਝੋਨਾ** : ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ । ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿੱਲੋ ਯੂਰੀਆ ਪਾ ਦਿਓ । ਯੂਰੀਆ ਖਾਦ ਪੱਤਾ ਰੰਗ ਚਾਰਟ ਵਿਧੀ ਨਾਲ ਪਾਉਣੀ ਹੈ ਤਾਂ ਜੇ 10 ਵਿੱਚੋਂ 6 ਪੱਤੇ, ਪੱਤਾ ਰੰਗ ਦੀ ਟਿੱਕੀ ਨੰ. 4 ਤੋਂ ਫਿੱਕੇ ਹੋਣ ਤਾਂ ਹੀ 25 ਕਿਲੋ ਯੂਰੀਆ ਪ੍ਰਤੀ ਏਕੜ ਪਾਓ । ਸਿੱਧੀ ਬਿਜਾਈ ਵਾਲੇ ਝੋਨੇ ਨੂੰ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲਗਭਗ 43 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 6 ਅਤੇ 9 ਹਫਤਿਆਂ ਤੇ ਪਾਓ । ਬਹੁਤ ਮਾੜੀਆਂ ਜ਼ਮੀਨਾਂ ਵਿਚ ਸਿਫਾਰਸ਼ ਮਾਤਰਾ ਵਿਚ ਜ਼ਿੰਕ ਸਲਫੇਟ ਪਾਉਣ ਦੇ ਬਾਵਜੂਦ ਵੀ ਧੌੜੀਆਂ ਵਿੱਚ ਜ਼ਿੰਕ ਦੀ ਘਾਟ ਆ ਸਕਦੀ ਹੈ । ਅਜਿਹੀਆਂ



ਹਾਲਤਾਂ ਵਿਚ 10 ਕਿੱਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਅਤੇ ਓਨੀ ਹੀ ਸੁੱਕੀ ਮਿੱਟੀ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਧੌੜੀਆਂ ਵਿਚ ਪਾ ਕੇ ਇਸ ਤੱਤ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ । ਰੇਤਲੀਆਂ ਜ਼ਮੀਨਾਂ ਵਿਚ ਆਮ ਤੌਰ ਤੇ ਲੋਹੇ ਦੀ ਘਾਟ ਆ ਜਾਂਦੀ ਹੈ । ਇਸ ਤੱਤ ਤੋਂ ਪ੍ਰਭਾਵਿਤ ਬੂਟਿਆਂ ਦੇ ਨਵੇਂ ਪੱਤੇ ਸ਼ੁਰੂ ਵਿਚ ਪੀਲੇ ਅਤੇ ਬਾਅਦ ਵਿਚ ਚਿੱਟੇ ਨਜ਼ਰ ਆਉਂਦੇ ਹਨ ਇਸ ਤੱਤ ਦੀ ਕਮੀ ਨੂੰ 1 ਪ੍ਰਤੀਸ਼ਤ ਫੈਰਸ ਸਲਫੇਟ ਦਾ ਘੋਲ (1.0 ਕਿਲੋ ਫੈਰਸ ਸਲਫੇਟ ਅਤੇ 100 ਲਿਟਰ ਪਾਣੀ) ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰਕੇ ਪੂਰਾ ਕੀਤਾ ਜਾ ਸਕਦਾ ਹੈ । ਇਹ ਛਿੜਕਾਅ 2-3 ਵਾਰ ਹਫਤੇ-ਹਫਤੇ ਦੇ ਵਕਫੇ ਤੇ ਕਰੋ ।

ਅਗੇਤੇ ਬੀਜੇ ਹੋਏ ਝੋਨੇ ਦੇ ਪੱਤੇ ਝੁਲਸ ਰੋਗ ਕਾਰਨ ਸੁੱਕੇ ਹੋਏ ਨਜ਼ਰ ਆਉਣਗੇ । ਇਸ ਬਿਮਾਰੀ ਦਾ ਇਲਾਜ ਕਿਸੇ ਵੀ ਦਵਾਈ/ਜ਼ਹਿਰ ਦੇ ਸਪਰੇ ਨਾਲ ਨਹੀਂ ਕੀਤਾ ਜਾ ਸਕਦਾ । ਜ਼ਿਆਦਾ ਨਾਈਟ੍ਰੋਜਨ ਖਾਦ ਦਾ ਪਾਉਣਾ ਅਤੇ ਜ਼ਿਆਦਾ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਇਸ ਬਿਮਾਰੀ ਨੂੰ ਵੱਧਣ ਵਿਚ ਸਹਾਇਕ ਹੁੰਦੇ ਹਨ । ਇਸ ਮਹੀਨੇ ਹਫਤੇ ਵਿਚ ਤਣੇ ਦੁਆਲੇ ਝੁਲਸ ਰੋਗ ਦਾ ਹਮਲਾ ਦੇਖਿਆ ਜਾ ਸਕਦਾ ਹੈ । ਇਸ ਬਿਮਾਰੀ ਦੀ ਰੋਕਣ ਲਈ ਪਲਸਰ/ ਇਗਲੇਅਰ 24 ਐਸ ਸੀ 150 ਮਿ.ਲਿ. ਜਾਂ ਐਪਿਕ 75 ਡਬਲਯੂ ਜੀ 26.8 ਗ੍ਰਾਮ ਜਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਐਮੀਸਟਾਰ ਟੋਪ 325 ਐਸ ਸੀ 200 ਮਿ.ਲਿ. ਜਾਂ ਨਟੀਵੋ 75 ਡਬਲਯੂ ਜੀ 80 ਗ੍ਰਾਮ ਜਾਂ ਫੋਲੀਕਰ/ਓਰੀਅਸ 25 ਈ ਸੀ 200 ਮਿ.ਲਿ. ਜਾਂ ਟਿਲਟ/ ਬੰਪਰ 25 ਜਾਂ ਮੋਨਸਰਨ 250 ਐਸ ਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਛਿੜਕਾਅ ਕਰੋ । ਖੇਤ ਦੀਆਂ ਵੱਟਾਂ ਨੂੰ ਘਾਹ ਫੂਸ ਤੋਂ ਰਹਿਤ ਰੱਖੋ । ਜੇਕਰ ਝੂਠੀ ਕਾਂਗਿਆਰੀ ਆਉਣ ਦਾ ਖਤਰਾ ਹੋਵੇ ਤਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਕੋਸਾਈਡ 46 ਡੀ ਐਫ 500 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਪਾ ਕੇ ਜਦੋਂ ਫਸਲ ਗੋਭ ਵਿਚ ਹੋਵੇ ਛਿੜਕਾਅ ਕਰੋ ।

**ਤਣੇ ਦੇ ਗੜੂੰਏ** : ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣੇ ਅੰਦਰ ਮੋਰੀਆਂ ਕਰਕੇ ਗੋਭ ਨੂੰ ਸੁਕਾ ਦਿੰਦੀਆਂ ਹਨ । ਜਦੋਂ ਇਹ ਸੁੰਡੀਆਂ ਥੋੜਾ ਪੱਛੜ ਕੇ ਬੂਟਿਆਂ ਤੇ ਹਮਲਾ ਕਰਦੀਆਂ ਹਨ ਤਾਂ ਹਮਲੇ ਦੇ ਸ਼ਿਕਾਰ ਬੂਟੇ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜ਼ਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਨਜ਼ਰ ਆਉਂਦੀਆਂ ਹਨ । ਜਦ ਖੇਤ ਵਿਚ 5 ਪ੍ਰਤੀਸ਼ਤ ਤੋਂ ਵੱਧ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਫਸਲ ਤੇ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟੋਕਸੀ 20 ਡਬਲਯੂ ਜੀ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ । ਬਾਸਮਤੀ ਵਿਚ ਉਪਰੋਕਤ ਦਵਾਈਆਂ ਤੋਂ ਇਲਾਵਾ 1 ਲਿਟਰ ਅਚੂਕ/ਨੀਮ ਕਵੱਚ ਜਾਂ 4 ਕਿੱਲੋਗ੍ਰਾਮ ਫਰਟੇਰਾ 0.4 ਜੀ ਆਰ (ਕਲੋਰੈਨਟਰਾਨਿਲੀਪਰੋਲ) ਜਾਂ 10 ਕਿਲੋਗ੍ਰਾਮ ਪਦਾਨ/ਕੈਲਾਡਾਨ/ਕਰੀਟਾਪ/ਸੈਨਵੈਕਸ/ ਨਿਦਾਨ/ਮਾਰਕਟੈਪ/ਮਿਫਟੈਪ/ਕਾਤਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ) 6 ਕਿੱਲੋਗ੍ਰਾਮ ਰੀਜੈਂਟ/ਮੋਰਟੈਲ/ਮਿਫਪਰੋ- ਜੀ/ਮਹਾਂਵੀਰ ਜੀ ਆਰ/ਸ਼ਿਨਜ਼ੇਨ 0.3 ਜੀ (ਫਿਪਰੋਨਿਲ) ਪ੍ਰਤੀ ਏਕੜ ਦੇ ਹਿਸਾਬ ਵਰਤਣ ਨਾਲ ਤਣੇ ਦੇ ਗੜੂੰਏਂ ਦੀ ਰੋਕਥਾਮ ਨਾਲ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਵੀ ਹੋ ਜਾਂਦੀ ਹੈ । ਬਾਸਮਤੀ ਝੋਨੇ ਵਿਚ ਜੇ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਹੀ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

**ਪੱਤਾ ਲਪੇਟ ਸੁੰਡੀ** : ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹਰਾ ਮਾਦਾ ਖਾਂਈ ਜਾਂਦੀਆਂ ਹਨ । ਜਦੋਂ ਪੱਤਿਆਂ ਦਾ ਨੁਕਸਾਨ 10 ਪ੍ਰਤੀਸ਼ਤ ਤੋਂ ਵਧੇਰੇ ਹੋਵੇ ਤਾਂ ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ । ਪਹਿਲੀ ਵਾਰ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਓ ਅਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ । ਇਸ ਕੀੜੇ ਦੀ ਰੋਕਥਾਮ ਲਈ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਜਾਂ 170 ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ ਅਜ਼ੈਡੀਰੈਕਟਿਨ 5% ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕੋ । ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ ।

**ਬੂਟਿਆਂ ਦੇ ਟਿੱਡੇ** : ਇਨ੍ਹਾਂ ਟਿੱਡਿਆਂ ਦੀ ਰੋਕਥਾਮ ਲਈ ਫਸਲ ਤੇ 94 ਮਿ.ਲਿ. ਪੈਕਸਾਲੋਨ 10 ਐਸ ਸੀ (ਟ੍ਰਾਈਫਲੂਮੀਜ਼ੋਪਾਇਰਮ) ਜਾਂ ਟੋਕਨ/ਓਸ਼ੀਨ/ਡੋਮਿਨੈਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ ਪਾਇਰੀਮੌਕਸਾਨ) ਜਾਂ 300 ਮਿਲੀਲਿਟਰ ਇਮੇਜਿਨ 10 ਐਸ ਸੀ (ਫਲੂਪਾਇਰੀਮਿਨ) ਜਾਂ 800 ਮਿਲੀਲਿਟਰ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈਸੀ (ਕੁਇਨਲਫਾਸ) ਜਾਂ 80 ਮਿਲੀਲਿਟਰ ਇਕੋਟਿਨ ਜਾਂ 4 ਲਿਟਰ ਪੀ ਏ ਯੂ ਨਿੰਮ ਦਾ ਘੋਲ 100 ਲਿਟਰ ਪਾਣੀ ਵਿਚ ਪਾ ਕੇ ਛਿੜਕਾਅ ਕਰੋ । ਛਿੜਕਾਅ ਦਾ ਰੁੱਖ ਬੂਟਿਆਂ ਦੇ ਮੁੱਢਾਂ ਵੱਲ ਨੂੰ ਰੱਖੋ ।

**ਮੱਕੀ** : ਮੱਕੀ ਦੇ ਚੰਗੇ ਵਾਧੇ ਲਈ ਢੁੱਕਵੀਂ ਸਿੰਚਾਈ ਕਰਨਾ ਜ਼ਰੂਰੀ ਹੈ । ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫਸਲ ਸਹਾਰ ਨਹੀਂ ਸਕਦੀ । ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿੱਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ । ਖੜ੍ਹੇ ਪਾਣੀ ਦਾ ਨੁਕਸਾਨ ਨਜ਼ਰ ਆਵੇ ਤਾਂ 3 ਪ੍ਰਤੀਸ਼ਤ ਯੂਰੀਆ ਘੋਲ ਦੇ ਦੋ ਛਿੜਕਾਅ ਹਫਤੇ ਦੇ ਫਰਕ ਤੇ ਕਰਨ ਨਾਲ ਜਾਂ ਵਾਧੂ ਨਾਈਟਰੋਜਨ 12-24 ਕਿੱਲੋ (25-50 ਕਿੱਲੋ ਯੂਰੀਆ) ਪ੍ਰਤੀ ਏਕੜ ਪਾਉਣ ਨਾਲ ਨੁਕਸਾਨ ਘਟਾਇਆ ਜਾ ਸਕਦਾ ਹੈ । ਪੀ ਐਮ ਐਚ 1, ਪ੍ਰਭਾਤ ਅਤੇ ਪੰਜਾਬ ਸਵੀਟ ਕੋਰਨ ਨੂੰ 37 ਕਿੱਲੋ ਯੂਰੀਆ ਦੀ ਅਖੀਰਲੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਰ ਪੈਣ ਤੇ ਪਾ ਦਿਓ । ਪਰ ਪੀ ਐਮ ਐਚ 2/ਕੇਸਰੀ/ਪਰਲ ਪਾਪਕੋਰਨ ਨੂੰ 25 ਕਿੱਲੋ ਯੂਰੀਆ ਪ੍ਰਤੀ ਏਕੜ ਪਾਓ । ਪੱਤਿਆਂ ਦੇ ਝੁਲਸ ਰੋਗ ਦੀ ਰੋਕਥਾਮ ਲਈ ਫਸਲ ਤੇ ਇੰਡੋਫਿਲ ਐਮ-45 200 ਗ੍ਰਾਮ ਨੂੰ 100 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ । ਇਸ ਤੋਂ ਇਲਾਵਾ ਮੱਕੀ ਨੂੰ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਇਸ ਦੀਆਂ ਨਿਸ਼ਾਨੀਆਂ ਨਜ਼ਰ ਮਿ.ਲਿ. ਐਮੀਸਟਾਰ ਟੋਪ ਨੂੰ ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ ਫਸਲ ਤੇ 30 ਮਿ.ਲਿ. ਕੋਰਾਜ਼ਨ 18.5 ਤਾਕਤ ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕੀਤਾ ਜਾ ਸਕਦਾ ਹੈ । ਇਸ ਦੀ ਰੋਕਥਾਮ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ-ਪਹਿਲੀ ਵਾਰ ਇਕ ਹਫਤੇ ਬਾਅਦ ਵਰਤ ਕੇ ਵੀ ਕੀਤੀ ਜਾ ਸਕਦੀ ਹੈ ।

**ਨਰਮਾ ਤੇ ਕਪਾਹ** : ਕਪਾਹ ਦੀ ਫਸਲ ਵਿੱਚ ਨਦੀਨਾਂ ਰੋਕਥਾਮ ਲਈ ਗੋਡੀਆਂ ਕਰੋ । ਪਹਿਲੇ ਫੁੱਲ ਨਜ਼ਰ ਆਉਂਦੇ ਸਾਰ ਹੀ 33 ਕਿਲੋ ਯੂਰੀਆ ਨਰਮੇਂ ਕਪਾਹ ਦੀਆਂ ਕਿਸਮਾਂ ਅਤੇ 45 ਕਿਲੋ ਯੂਰੀਆ ਬੀ ਟੀ ਨਰਮੇ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਯੂਰੀਆ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ ਪੱਤਾ ਰੰਗ ਚਾਰਟ ਦੀ ਵਰਤੋਂ ਕਰੋ । ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13:0:45) ਘੋਲ ਦੇ 4 ਛਿੜਕਾਅ ਹਫਤੇ ਦੇ ਵਕਫੇ ਨਾਲ ਕਰੋ । ਚਿੱਟੀ ਮੱਖੀ ਦੀ ਰੋਕਥਾਮ ਲਈ ਗਿਣਤੀ 6 ਪ੍ਰਤੀ ਪੱਤ; ਹੋਵੇ । ਇਸ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ ਪਾਇਰੀਫਲੂਕਸੀਨਾਜ਼ੋਨ ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਆਫਿਡੋਪਾਈਰੋ ਪਿਨ) ਜਾਂ 200 ਗ੍ਰਾਮ ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ (ਡਾਇਆਫੈਨਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 20 ਗ੍ਰਾਮ ਡੈਟ ਟੋਟਸੂ 50 ਡਬਲਯੂ ਜੀ (ਕਲੋਥਫਮੈਨੀਡਿਨ) ਜਾਂ 500 ਮਿ. ਲਿ. ਲੈਨੋ / ਡੈਟਾ 10 ਈ ਸੀ ਪਾਇਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ / ਵੋਲਟੇਜ਼ 22.9 ਐਸ ਸੀ (ਸਪੈਰੋਮੈਸਿਫਿਨ) ਜਾਂ 800 ਮਿਲੀਲਿਟਰ ਫੋਸਮਾਈਟ/ਈ-ਮਾਈਟ/ਵੋਲਥੀਆਨ/ਗੋਲਡਮਿਟ (ਈਥੀਆਨ) ਜਾਂ 1200 ਮਿਲੀਲਿਟਰ ਪੀ.ਏ.ਯੂ ਨਿੰਮ ਦਾ ਘੋਲ ਜਾਂ 1 ਲਿਟਰ ਨਿੰਬੀਸੀਡਿਨ/ਅਚੂਕ (ਨਿੰਮ ਅਧਾਰਿਤ ਕੀਟਨਾਸ਼ਕ) ਦਾ ਛਿੜਕਾਅ ਕਰੋ । ਹਰੇ ਤੇਲੇ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਉਪਰਲੇ ਹਿੱਸੇ ਦੇ 50 ਪ੍ਰਤੀਸ਼ਤ ਬੂਟਿਆਂ ਵਿਚ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਣ । ਇਸ ਵਾਸਤੇ 300 ਮਿ.ਲਿ. ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ 50



ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 300 ਮਿਲੀਲਿਟਰ ਨਿਓਨ 5 ਈ ਸੀ (ਫੈਨਪਾਇਰੋਕਸੀਮੇਟ) ਜਾਂ 40 ਗ੍ਰਾਮ ਐਕਟਾਰਾ/ਦੋਤਾਰਾ/ਥੇਮਸਨ 25 ਡਬਲਯੂ ਜੀ (ਥਾਇਆਮਿਥੋਕਸਮ) ਨੂੰ 125-150 ਲਿਟਰ ਪਾਣੀ ਵਿਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ । ਮੀਲੀਬੱਗ ਦੇ ਹਮਲੇ ਨੂੰ ਰੋਕਣ ਲਈ 150 ਮਿਲੀਲਿਟਰ ਟਰਾਂਸਫੋਰਮ 21.8 ਐਸ ਸੀ (ਸਲਾਫੋਕਸਾਫਲੋਰ) ਪ੍ਰਤੀ ਏਕੜ ਦਾ ਛਿੜਕਾਅ ਕਰੋ । ਇਨ੍ਹਾਂ ਦਵਾਈਆਂ ਲਈ 125-150 ਲਿਟਰ ਪਾਣੀ ਵਿਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਪੰਪ ਨਾਲ ਜਾਂ 75 ਲਿਟਰ ਮੋਟਰ ਨਾਲ ਚੱਲਣ ਵਾਲੇ ਪੰਪ ਦੀ ਵਰਤੋਂ ਕਰੋ । ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਛਿੜਕਾਅ ਉਦੋਂ ਕਰੋ ਜਦੋਂ ਤਾਜ਼ੀਆਂ ਕਿਰੀਆਂ ਫੁੱਲ ਡੋਡੀਆਂ ਵਿਚ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਅਤੇ ਫਿਰ ਲੋੜ ਅਨੁਸਾਰ ਛਿੜਕਾਅ ਕਰੋ ।

ਇਕੋ ਗਰੁੱਪ ਦੀਆਂ ਕੀਟਨਾਸ਼ਕਾਂ ਦਾ ਇਕ ਤੋਂ ਵੱਧ ਛਿੜਕਾਅ ਨਾ ਕਰੋ । ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਅੱਧ ਸਤੰਬਰ ਤੋਂ ਪਿੱਛੋਂ, ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ । ਜੇਕਰ ਛਿੜਕਾਅ ਕਰਨ ਤੋਂ 24 ਘੰਟੇ ਦੇ ਅੰਦਰ ਅੰਦਰ ਵਰਖਾ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ । ਨਰਮੇ ਦੀ ਫਸਲ 2,4-ਡੀ ਦੀ ਦਵਾਈ ਦਾ ਬਹੁਤ ਮਾੜਾ ਅਸਰ ਹੋ ਜਾਂਦਾ ਹੈ । ਕਈ ਕਿਸਾਨ ਨਰਮੇ ਨੇੜੇ ਮੱਕੀ ਦੇ ਖੇਤਾਂ ਵਿਚ ਨਦੀਨ ਮਾਰਨ ਲਈ 2,4-ਡੀ ਦੀ ਸਪਰੇਅ ਕਰਦੇ ਹਨ । ਇਸ ਦਵਾਈ ਦੇ ਬੁਖਾਰਾਤ ਬਣ ਜਾਂਦੇ ਹਨ ਜੋ ਹਵਾ ਨਾਲ ਕਾਫੀ ਦੂਰ ਤੱਕ ਖਿੱਲਰ ਜਾਂਦੇ ਹਨ ਅਤੇ ਨਰਮੇ ਦੀ

**ਬਾਕੀ ਸਫਾ 10 'ਤੇ**



# ਆਓ ਜਾਮਣ ਦੀਆਂ ਨਵੀਆਂ ਕਿਸਮਾਂ ਬੀਜੀਏ

ਅਨਿਲ ਕੁਮਾਰ ਕਾਮਰਾ, ਅਨਿਲ ਕੁਮਾਰ ਸਾਂਗਵਾਨ ਅਤੇ ਮਨਵੀਨ ਕੌਰ, ਖੇਤਰੀ ਖੋਜ ਕੇਂਦਰ, ਅਬੋਹਰ (ਮੋ. 98723-11677)



**ਜਾਮਣ ਦਾ ਫਲ ਤੱਤਾਂ ਨਾਲ ਭਰਪੂਰ ਤੇ ਸ਼ੂਗਰ ਦੇ ਰੋਗੀਆਂ ਲਈ ਵਧੀਆ ਫਲਾਂ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਫਲ ਦੀ ਵਰਤੋਂ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ। ਪੂਰੀ ਤਰ੍ਹਾਂ ਪੱਕੇ ਹੋਏ ਫਲਾਂ ਨੂੰ ਤਾਜ਼ੇ ਫਲ ਵਜੋਂ ਖਾਧਾ ਜਾਂਦਾ ਹੈ ਤੇ ਇਸ ਦੇ ਪੱਕੇ ਹੋਏ ਫਲਾਂ ਤੋਂ ਕਈ ਤਰ੍ਹਾਂ ਦੇ ਪਦਾਰਥ ਜਿਵੇਂ ਜੈਲੀ, ਜੈਮ, ਸਕੁਐਸ਼ ਤੇ ਸਿਰਕਾ ਬਣਾਏ ਜਾ ਸਕਦੇ ਹਨ। ਇਸ ਦੇ ਫਲਾਂ ਦੀ ਵਰਤੋਂ ਸ਼ੂਗਰ, ਦਿਲ ਤੇ ਜਿਗਰ ਦੀਆਂ ਬਿਮਾਰੀਆਂ ਦੇ ਵਿਰੁੱਧ ਪ੍ਰਭਾਵਸ਼ਾਲੀ ਦਵਾਈ ਵਜੋਂ ਕੀਤੀ ਜਾ ਸਕਦੀ ਹੈ। ਇਸ ਦੇ ਫਲ ਦੇ ਬੀਜਾਂ ਦਾ ਪਾਊਡਰ ਸ਼ੂਗਰ ਦੀ ਬੀਮਾਰੀ ਨੂੰ ਦੂਰ ਕਰਨ ਲਈ ਵਰਤਿਆ ਜਾਂਦਾ ਹੈ।**

**ਪੌਣ ਪਾਣੀ ਤੇ ਜ਼ਮੀਨ :**

ਇਸ ਦੇ ਫਲ ਦੀ ਖੇਤੀ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਵਿਚ ਕੀਤੀ ਜਾ ਸਕਦੀ ਹੈ ਜਿੱਥੇ ਦੂਸਰੀ ਫਲਦਾਰ ਫਸਲ ਨਹੀਂ ਹੋ ਸਕਦੀ। ਜਾਮਣ ਦੀ ਫਸਲ 10.5 ਪੀ.ਐੱਚ ਤੇ ਨਮਕੀਨ ਤੇ ਖਾਰੇ ਪਾਣੀ ਨੂੰ ਸਹਿਣ ਕਰਦੀ ਹੈ। ਇਹ ਫਸਲ ਸੋਕੇ ਤੇ ਕੁਝ ਸਮੇਂ ਲਈ ਖੜ੍ਹੇ ਪਾਣੀ ਨੂੰ ਸਹਿਣ ਕਰ ਸਕਦੀ ਹੈ। ਜਾਮਣ ਦੀ ਫਸਲ ਦਾ ਚੰਗਾ ਝਾੜ ਲੈਣਾ ਹੋਵੇ ਤਾਂ ਜ਼ਮੀਨ ਡੂੰਘੀ ਤੇ ਚੰਗੇ ਨਿਕਾਸ ਵਾਲੀ ਹੋਣੀ ਚਾਹੀਦੀ ਹੈ। ਜਾਮਣ ਦੇ ਫਲ ਫੁੱਲ ਲੱਗਣ ਸਮੇਂ ਖੁਸ਼ਕ ਮੌਸਮ ਦੀ ਲੋੜ ਹੁੰਦੀ ਹੈ। ਪੰਜਾਬ ਵਿਚ ਅਗੇਤੀ ਬਰਸਾਤ ਫਲਾਂ ਦੇ ਪੱਕਣ, ਫਲਾਂ ਦੇ ਅਕਾਰ, ਰੰਗ ਅਤੇ ਸੁਆਦ ਲਈ ਲਾਹੇਵੰਦ ਹੈ।

**ਉੱਨਤ ਕਿਸਮਾਂ :**

1) **ਗੋਮਾ ਪ੍ਰਿਅੰਕਾ** : ਇਸ ਕਿਸਮ ਦੇ ਬੂਟੇ ਉੱਚੇ ਜਾਣ ਦੀ ਬਜਾਏ ਫੈਲਣ ਵਾਲਾ ਗੁਣ ਜ਼ਿਆਦਾ ਰੱਖਦੇ ਹਨ। ਇਹ ਕਿਸਮ ਅਗੇਤੀ ਪੱਕਣ ਵਾਲੀ ਕਿਸਮ ਹੈ। ਇਸ ਦੇ ਫਲਾਂ ਦਾ ਔਸਤਨ ਵਜ਼ਨ 10.3 ਗਰਾਮ ਅਤੇ ਗੁੱਦੇ ਦੀ ਮਾਤਰਾ 83.5% ਅਤੇ ਖਟਾਸ 0.71% ਹੁੰਦੀ ਹੈ। ਇਸ ਦਾ ਔਸਤਨ ਝਾੜ 51.2 ਕਿਲੋ ਪ੍ਰਤੀ ਬੂਟਾ ਹੈ। ਇਹ ਕਿਸਮ ਜੁਲਾਈ ਦੇ ਪਹਿਲੇ ਹਫਤੇ ਤੋਂ ਜੁਲਾਈ ਦੇ ਅਖੀਰਲੇ ਹਫਤੇ ਤੱਕ ਪੱਕ ਕੇ ਤਿਆਰ ਹੋ ਜਾਂਦੀ ਹੈ।

2) **ਕੋਂਕਣ ਬਹਾਡੋਲੀ** : ਇਸ ਦੇ ਬੂਟੇ ਦਰਮਿਆਨੇ ਫੈਲਾਅ ਵਾਲੇ ਤੇ ਦਰਮਿਆਨੇ ਕੱਦ ਵਾਲੇ ਹੁੰਦੇ ਹਨ। ਇਹ ਕਿਸਮ ਅੱਧ ਸੀਜ਼ਨ ਵਿਚ ਪੱਕਣ ਵਾਲੀ ਕਿਸਮ ਹੈ। ਇਸਦੇ ਫਲ ਦਾ ਔਸਤਨ ਵਜ਼ਨ 12.5 ਗਰਾਮ ਹੈ। ਇਹ ਵਿੱਚ ਗੁੱਦੇ ਦੀ ਮਾਤਰਾ 78.5%, ਫਲਾਂ ਦੀ ਮਿਠਾਸ 12.6% ਅਤੇ ਖਟਾਸ 0.75% ਹੁੰਦੀ ਹੈ। ਇਸ ਦੀ ਪ੍ਰਤੀ ਬੂਟਾ ਔਸਤਨ ਝਾੜ 50.9 ਕਿਲੋ ਹੈ। ਇਹ ਕਿਸਮ ਜੁਲਾਈ ਦੇ ਦੂਜੇ ਹਫਤੇ ਤੋਂ ਜੁਲਾਈ ਦੇ ਅਖੀਰਲੇ ਹਫਤੇ ਤੱਕ ਪੱਕ ਕੇ ਤਿਆਰ ਹੋ ਜਾਂਦੀ ਹੈ।



**ਬੂਟੇ ਲਗਾਉਣ ਦਾ ਢੰਗ ਅਤੇ ਸਮਾਂ :**

ਇਸ ਫਸਲ ਦੇ ਬੂਟੇ 7.5×7.5 ਮੀਟਰ ਦੇ ਫਾਸਲੇ ਉੱਤੇ ਲਗਾਏ ਜਾਂਦੇ ਹਨ। ਇਸ ਫਸਲ ਦੇ ਬੂਟੇ ਇਕ ਮੀਟਰ ਡੂੰਘੇ ਅਤੇ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਕੇ ਫਰਵਰੀ ਮਾਰਚ ਅਤੇ ਅਗਸਤ-ਸਤੰਬਰ ਵਿਚ ਲਗਾਏ ਜਾਂਦੇ ਹਨ।

**ਸਿਧਾਈ ਅਤੇ ਕਾਂਟ-ਛਾਂਟ**

ਨਵੇਂ ਲਗਾਏ ਬੂਟਿਆਂ ਦੇ ਤਣੇ ਉੱਤੇ ਜ਼ਮੀਨ ਤੋਂ ਲੈ ਕੇ 60 ਸੈਂਟੀਮੀਟਰ ਤੱਕ ਕੋਈ ਸ਼ਾਖ ਨਹੀਂ ਰਹਿਣੀ ਚਾਹੀਦੀ। ਬੂਟੇ ਦਾ ਆਕਾਰ ਛੋਟਾ ਰੱਖਣ ਲਈ ਬੂਟੇ ਦੇ ਮੁੱਖ ਤਣੇ ਨੂੰ 12 ਫੁੱਟ ਦੀ ਉੱਚਾਈ ਤੱਕ ਹਰ ਸਾਲ ਨਵੰਬਰ-ਦਸੰਬਰ ਵਿਚ ਕੱਟ ਦੇਣਾ ਚਾਹੀਦਾ ਹੈ। ਬੂਟੇ ਦੀ ਸ਼ਕਲ ਅਤੇ ਆਕਾਰ ਨੂੰ ਸਹੀ ਬਣਾਉਣ ਲਈ ਹਰ ਸਾਲ ਕਾਂਟ-ਛਾਂਟ ਕਰਦੇ ਰਹਿਣਾ ਚਾਹੀਦਾ ਹੈ। ਇਸਦੇ ਨਾਲ ਹੀ ਜ਼ਿਆਦਾਤਰ ਸੁੱਕੀਆਂ ਕਮਜ਼ੋਰ ਤੇ ਬਿਮਾਰੀ ਵਾਲੀਆਂ ਟਾਹਣੀਆਂ ਵੀ ਕੱਟਣੀਆਂ ਚਾਹੀਦੀਆਂ ਹਨ।

**ਸਿੰਚਾਈ**

ਜਾਮਣ ਦਾ ਫਲ ਬਣਨ ਤੋਂ ਬਾਅਦ ਚੰਗਾ ਆਕਾਰ ਲੈਣ ਲਈ ਸਿੰਚਾਈ ਦੀ ਲੋੜ ਹੁੰਦੀ ਹੈ। ਇਸ ਲਈ ਜਾਮਣ ਦੇ ਬੂਟਿਆਂ ਨੂੰ ਫਲ ਬਣਨ ਤੋਂ ਬਾਅਦ ਗਰਮੀ ਵਿਚ 5-7 ਦਿਨਾਂ ਦੇ ਵਕਫੇ ਅਤੇ ਸਰਦੀ ਵਿਚ 15 ਦਿਨਾਂ ਦੇ ਵਕਫੇ ਤੇ ਸਿੰਚਾਈ ਕਰਨੀ ਚਾਹੀਦੀ ਹੈ।

**ਖਾਦ ਪਾਉਣ ਦਾ ਸਮਾਂ**

ਨਵੇਂ ਲਗਾਏ ਬੂਟਿਆਂ ਨੂੰ ਫਲ ਲੱਗਣ ਤੋਂ ਪਹਿਲਾਂ ਹਰ ਸਾਲ 20 ਤੋਂ 30 ਕਿਲੋ ਤੱਕ ਰੂੜੀ ਦੀ ਖਾਦ ਨਵੰਬਰ-ਦਸੰਬਰ ਵਿਚ ਪਾਉਣੀ ਚਾਹੀਦੀ ਹੈ। ਜਦ ਬੂਟੇ ਫਲ ਦੇਣ ਲੱਗ ਜਾਣ ਤਾਂ ਇਸ ਦੀ ਮਾਤਰਾ ਵਧਾ ਕੇ 60 ਤੋਂ 80 ਕਿਲੋ ਤੱਕ ਕਰ ਦੇਣੀ ਚਾਹੀਦੀ ਹੈ।

**ਫਲ ਦਾ ਪੱਕਣਾ ਅਤੇ ਤੁੜਾਈ**

ਬੀਜ ਰਾਹੀਂ ਲੱਗੇ ਹੋਏ ਬੂਟੇ 7 ਤੋਂ 8 ਸਾਲਾਂ ਬਾਅਦ ਅਤੇ ਪਿਉਂਦੀ ਬੂਟੇ 4 ਤੋਂ 5 ਸਾਲਾਂ ਬਾਅਦ ਫਲ ਦਿੰਦੇ ਹਨ। ਜਾਮਣ ਦੇ ਫਲ ਜੂਨ ਜੁਲਾਈ ਵਿਚ ਪੱਕ ਕੇ ਤਿਆਰ ਹੋ ਜਾਂਦੇ ਹਨ। ਪੱਕਣ ਤੋਂ ਬਾਅਦ ਇਸ ਦਾ ਰੰਗ ਗੂੜ੍ਹਾ ਜਾਮਣੀ ਜਾਂ ਕਾਲੇ ਰੰਗ ਦਾ ਹੋ ਜਾਂਦੀ ਹੈ। ਜਾਮਣ ਦਾ ਫਲ ਪੱਕਣ ਤੋਂ ਬਾਅਦ ਦਰੱਖਤ ਉੱਤੇ ਨਹੀਂ ਰਹਿੰਦਾ। ਇਸ ਕਰਕੇ ਉਸ ਨੂੰ ਪੱਕਣ ਤੋਂ ਬਾਅਦ ਉਸੇ ਸਮੇਂ ਹੀ ਤੋੜ ਲੈਣਾ ਚਾਹੀਦਾ ਹੈ।

# ਅਗਾਂਹਵਧੂ ਮੁਰਗੀ ਪਾਲਕ – ਕਰਮਜੀਤ ਸਿੰਘ

ਕਰਮਜੀਤ ਸਿੰਘ ਬਰਾੜ ਨੇ 2017 ਵਿਚ ਮੁਰਗੀ ਪਾਲਣ ਦੀ ਕਿੱਤਾ ਸ਼ੁਰੂ ਕੀਤਾ। ਕਰਮਜੀਤ ਸਿੰਘ ਬਰਾੜ ਸਪੁੱਤਰ ਸ. ਦਰਸ਼ਨ ਸਿੰਘ ਬਰਾੜ, ਉਮਰ 41 ਸਾਲ, ਪਿੰਡ ਕਣੋਈ, ਜ਼ਿਲ੍ਹਾ ਸੰਗਰੂਰ ਦਾ ਇੱਕ ਬਹੁਤ ਹੀ ਮਿਹਨਤੀ ਕਿਸਾਨ ਹੈ ਜੋ +2 ਤੱਕ ਪੜ੍ਹਿਆ ਹੋਇਆ ਹੈ। ਉਸ ਨੇ ਖੇਤੀ ਦੇ ਨਾਲ-ਨਾਲ ਮੁਰਗੀ ਪਾਲਣ ਦਾ ਧੰਦਾ ਕਰਨ ਬਾਰੇ ਸੋਚਿਆ। ਮੁਰਗੀ ਪਾਲਣ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਤੋਂ ਸਿਖਲਾਈ ਹਾਸਿਲ ਕੀਤੀ ਅਤੇ ਆਪਣੇ ਰਿਸ਼ਤੇਦਾਰ ਅਤੇ ਦੋਸਤ ਜੋ ਕਿ ਮੁਰਗੀ ਪਾਲਣ ਦਾ ਕੰਮ ਕਰ ਰਹੇ ਸਨ ਨਾਲ ਸਲਾਹ-ਮਸ਼ਵਰਾ ਕੀਤਾ। ਫਿਰ ਉਸ ਨੇ ਸਾਲ 2017 ਵਿਚ 12,00,000/- ਰੁਪਏ ਦੀ ਲਾਗਤ ਨਾਲ 100×30 ਫੁੱਟ ਦੇ ਖੇਤਰਫਲ ਵਿਚ ਦੋ-ਮੰਜ਼ਿਲਾ 5000 ਬਰਾਇਲਰਾਂ ਦੀ ਸਮਰੱਥਾ ਵਾਲਾ ਪੋਲਟਰੀ ਫਾਰਮ ਬਣਾਇਆ। ਇਸ ਤੋਂ ਬਾਅਦ ਉਸ ਨੇ ਵੈਂਕੀਜ਼ ਇੰਡੀਆ ਲਿਮਟਿਡ ਕੰਪਨੀ ਨਾਲ ਸਮਝੌਤਾ ਕੀਤਾ ਅਤੇ ਨਵੰਬਰ, 2017 ਵਿਚ 5200 ਬਰਾਇਲਰਾਂ ਨਾਲ ਆਪਣਾ ਮੁਰਗੀ ਫਾਰਮ ਸ਼ੁਰੂ ਕੀਤਾ ਅਤੇ ਇਸ ਦਾ ਨਾਮ 'ਬਰਾੜ ਪੋਲਟਰੀ ਫਾਰਮ'' ਰੱਖਿਆ।




ਕਰਮਜੀਤ ਦੱਸਦਾ ਹੈ ਕਿ ਉਹ ਖੁਦ ਅਤੇ ਪਰਿਵਾਰ ਦੇ ਹੋਰ ਮੈਂਬਰ ਸਮੇਤ ਬੱਚੇ ਰਲ ਕੇ ਸਵੇਰੇ ਅਤੇ ਸ਼ਾਮ ਦੇ ਸਮੇਂ ਸਿਰਫ ਕੁੱਝ ਘੰਟੇ ਲਗਾ ਕੇ ਮੁਰਗੀ ਫਾਰਮ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਸਾਂਭ ਲੈਂਦੇ ਹਨ। ਬਰੂਡਿੰਗ ਦੇ ਦੌਰਾਨ ਤਾਪਮਾਨ ਨੂੰ ਸਹੀ ਰੱਖ ਕੇ ਅਤੇ ਪੰਛੀਆਂ ਦਾ ਬਰੀਕੀ ਨਾਲ ਨਿਰੀਖਣ ਕਰਕੇ ਪੰਛੀਆਂ ਦੀ ਮੌਤ ਦਰ ਨੂੰ ਘਟਾਇਆ ਜਾ ਸਕਦਾ ਹੈ। ਲਿਟਰ (ਸੁੱਕ) ਸਮੱਗਰੀ ਅਤੇ ਪੋਲਟਰੀ ਸ਼ੈੱਡ ਨੂੰ ਹਮੇਸ਼ਾ ਸੁੱਕਾ ਅਤੇ ਸਾਫ ਰੱਖਿਆ ਜਾਣਾ ਚਾਹੀਦਾ ਹੈ ਜੋ ਕਿ ਉਸ ਦੇ ਫਾਰਮ ਵਿਚ ਰੱਖੀ ਸਾਫ-ਸਫਾਈ ਅਤੇ ਵਿਗਿਆਨਕ ਖੁਰਾਕ ਪ੍ਰਬੰਧ ਤੋਂ ਸਾਫ ਝਲਕਦਾ ਹੈ। ਉਹ ਪੰਛੀਆਂ ਨੂੰ ਸਿਹਤਮੰਦ ਰੱਖਣ ਲਈ ਸਮੇਂ ਸਿਰ ਖੁਰਾਕ, ਪਾਣੀ, ਰੋਸ਼ਨੀ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਟੀਕਾਕਰਣ ਦਾ ਵਿਸ਼ੇਸ਼ ਧਿਆਨ ਰੱਖਦਾ ਹੈ। ਜੋ ਕਿ ਸਫਲ ਮੁਰਗੀ ਪਾਲਣ ਲਈ ਸਭ ਤੋਂ ਮਹੱਤਵਪੂਰਨ ਕੰਮ ਹੈ।

ਕਰਮਜੀਤ ਦਾ ਕਹਿਣਾ ਹੈ ਕਿ ਪੋਲਟਰੀ ਫਾਰਮ ਦੇ ਧੰਦੇ ਨੇ ਉਸ ਦੀ ਪਿੰਡ ਵਿਚ ਇਕ ਵਿਲੱਖਣ ਪਹਿਚਾਣ ਬਣਾਈ ਹੈ ਅਤੇ ਨੇੜਲੇ ਪਿੰਡਾਂ ਦੇ ਹੋਰਨਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਵੀ ਇਸ ਲਾਭਕਾਰੀ ਕਿੱਤੇ ਬਾਰੇ ਗੰਭੀਰਤਾ ਨਾਲ ਸੋਚਣ ਲਈ ਪ੍ਰਭਾਵਿਤ ਕੀਤਾ ਹੈ।

**ਸਾਲ 2017 ਤੋਂ 2023 ਤੱਕ ਪੋਲਟਰੀ ਫਾਰਮ ਦੇ ਚਲੰਤ ਖਰਚਿਆਂ ਅਤੇ ਆਮਦਨ ਦਾ ਵੇਰਵਾ**

| ਸਾਲ | ਬੈਚ ਪ੍ਰਤੀ ਸਾਲ | ਬਰਾਇਲਰਾਂ ਦੀ ਸੰਖਿਆ | ਕੁੱਲ ਆਮਦਨ (ਰੁਪਏ) | ਖਰਚਾ (ਰੁਪਏ) | ਮੁਨਾਫਾ (ਰੁਪਏ) |
|---|---|---|---|---|---|
| 2017 | 1 | 5200 | 99,000 | 27,000 | 72,000 |
| 2018 | 5 | 24000 | 4,50,000 | 1,28,300 | 3,22,000 |
| 2019 | 7 | 37800 | 8,00,000 | 3,00,000 | 5,00,000 |
| 2020 | 8 | 43200 | 8,00,000 | 3,15,000 | 4,85,000 |
| 2021 | 6 | 32900 | 6,00,000 | 1,95,000 | 4,05,000 |
| 2022 | 7 | 32200 | 7,15,000 | 2,00,000 | 5,15,000 |
| 2023 | 6 | 27000 | 6,20,000 | 2,40,000 | 3,80,000 |


**ਅਜੈ ਸਿੰਘ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਅਤੇ ਸੰਗਰੂਰ**
ਮੋ. 98961-02368



# ਹੁਣ ਢੁੱਕਵਾਂ ਸਮਾਂ ਹੈ ਬੂਟੇ ਤੇ ਰੁੱਖ ਲਗਾਉਣ ਦਾ

ਵਾਤਾਵਰਨ ਨੂੰ ਬਚਾਉਣ ਲਈ ਬੂਟੇ ਅਤੇ ਰੁੱਖਾਂ ਨੂੰ ਲਗਾਉਣਾ ਬੜਾ ਜ਼ਰੂਰੀ ਹੈ। ਅੱਜਕਲ੍ਹ ਇਨ੍ਹਾਂ ਨੂੰ ਲਗਾਉਣ ਦਾ ਢੁੱਕਵਾਂ ਸਮਾਂ ਹੈ। ਮੱਧ ਜੁਲਾਈ ਤੋਂ 15 ਸਤੰਬਰ ਤੱਕ ਇਹ ਬੂਟੇ ਸਫਲਤਾ ਨਾਲ ਲਗਾਏ ਜਾ ਸਕਦੇ ਹਨ। ਇਸ ਦੌਰਾਨ ਮੌਨਸੂਨ ਦੀਆਂ ਹਵਾਵਾਂ ਰਾਹੀਂ ਬਾਰਿਸ਼ ਹੁੰਦੀ ਰਹਿੰਦੀ ਹੈ, ਜੋ ਇਨ੍ਹਾਂ ਬੂਟਿਆਂ ਅਤੇ ਰੁੱਖਾਂ ਦੇ ਵਿਕਾਸ ਲਈ ਸਹਾਈ ਹੁੰਦੀ ਹੈ। ਜੋ ਵਿਅਕਤੀ ਮਈ-ਜੂਨ ਦੇ ਮਹੀਨੇ 'ਚ ਜਾਂ ਇਸ ਤੋਂ ਪਹਿਲਾਂ ਬੂਟੇ ਲਗਾਉਂਦੇ ਹਨ, ਉਹ ਬੂਟੇ ਗਰਮੀ ਨਾਲ ਮਰ ਜਾਂਦੇ ਹਨ ਕਿਉਂਕਿ ਉਨ੍ਹਾਂ ਦਿਨਾਂ 'ਚ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਜ਼ਿਆਦਾ ਹੁੰਦਾ ਹੈ। ਇਸ ਸਮੇਂ ਲਗਾਏ ਗਏ ਬੂਟਿਆਂ ਦੀਆਂ ਜੜ੍ਹਾਂ ਵਧ-ਫੁੱਲ ਨਹੀਂ ਸਕਦੀਆਂ, ਜਿਸ ਕਾਰਨ ਬੂਟੇ ਜਲਦੀ ਸੁੱਕ ਕੇ ਮਰ ਜਾਂਦੇ ਹਨ। ਅੱਜ ਕੱਲ੍ਹ ਬੂਟੇ ਲਗਾਉਣ ਲਈ ਪੁੱਟੇ ਹੋਏ ਟੋਇਆਂ ਨੂੰ ਅੱਧੀ ਮਿੱਟੀ ਅਤੇ ਅੱਧੀ ਗਲੀ-ਸੜੀ ਰੂੜੀ ਦੀ ਖਾਦ ਮਿਲਾ ਕੇ ਭਰ ਦੇਣਾ ਚਾਹੀਦਾ ਹੈ ਅਤੇ ਟੋਇਆਂ 'ਚ ਬੂਟੇ ਲਗਾਉਣ ਤੋਂ ਪਹਿਲਾਂ ਪਾਣੀ ਦੇ ਦੇਣਾ ਚਾਹੀਦਾ ਹੈ ਤਾਂ ਜੋ ਰੂੜੀ ਦੀ ਗਰਮਾਇਸ਼ ਖਤਮ ਹੋ ਜਾਵੇ ਅਤੇ ਟੋਇਆਂ ਦੀ ਮਿੱਟੀ ਥੱਲੇ ਬੈਠ ਜਾਵੇ। ਤਰਜੀਹਨ ਇਹ ਕੰਮ ਅੱਜਕਲ੍ਹ 15-20 ਜੁਲਾਈ ਤੱਕ ਕਰ ਲੈਣਾ ਲਗਾ ਕੇ ਕਲੋਰੋਪਾਇਰੀਫਾਸ 20 ਈ.ਸੀ. ਦਵਾਈ ਪਾਣੀ 'ਚ ਘੋਲ ਕੇ ਸਿਉਂਕਿ ਤੋਂ ਬੂਟੇ ਬਚਾਉਣ ਲਈ ਟੋਇਆਂ 'ਚ ਪਾ ਦੇਣੀ ਚਾਹੀਦੀ ਹੈ। ਜੇ ਬੂਟੇ ਸੜਕਾਂ ਦੇ ਆਲੇ-ਦੁਆਲੇ ਜਾ ਕਾਲੋਨੀਆਂ 'ਚ ਲਗਾਉਣੇ ਹੋਣ ਤਾਂ ਉਨ੍ਹਾਂ ਨੂੰ ਡੰਗਰਾਂ ਤੋਂ ਬਚਾਉਣ ਲਈ 'ਟ੍ਰੀ ਗਾਰਡ' ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਡੰਗਰ ਇਨ੍ਹਾਂ ਡੰਗਰ ਇਨ੍ਹਾਂ ਬੂਟਿਆਂ ਨੂੰ ਖਾ ਕੇ ਖਰਾਬ ਨਾ ਕਰ ਦੇਣ।

ਖਾਲੀ ਖੁੱਲ੍ਹੀਆਂ ਥਾਵਾਂ 'ਤੇ ਪਿੱਪਲ ਤੇ ਨਿੰਮ ਦੇ ਰੁੱਖ ਲਗਾਉਣੇ ਚਾਹੀਦੇ ਹਨ। ਇਹ ਰੁੱਖ ਦਿਨ-ਰਾਤ ਵਾਤਾਵਰਨ 'ਚ ਆਕਸੀਜਨ ਮੁਹੱਈਆ ਕਰਦੇ ਹਨ, ਕਿਉਂਕਿ ਇਹ ਰੁੱਖ ਖਤਮ ਹੋ ਰਹੇ ਹਨ ਇਨ੍ਹਾਂ ਨੂੰ ਦੁਬਾਰਾ ਲਗਾਉਣ ਲਈ ਤਰਜੀਹ ਦੇਣੀ ਚਾਹੀਦੀ ਹੈ। ਇਨ੍ਹਾਂ ਰੁੱਖਾਂ ਦੇ ਬੂਟੇ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਤੋਂ ਲਏ ਜਾ ਸਕਦੇ ਹਨ। ਪਿੱਪਲ, ਨਿੰਮ ਤੋਂ ਇਲਾਵਾ ਰਵਾਇਤੀ ਰੁੱਖ ਜਿਵੇਂ ਪਿਲਕਨ, ਗੂਲਰ, ਬੋਹੜ, ਬਹੇੜਾ, ਮਹੂਆ, ਕਿੱਕਰ ਦੇਸੀ, ਸ਼ਰੀਂਹ, ਢੱਕ, ਜੰਡ, ਇਮਲੀ, ਟਾਹਲੀ, ਖੈਰ, ਰੇਰੂ, ਫਲਾਹੀ, ਸ਼ਹਿਤੂਤ, ਮੌਲਸਰੀ, ਕਟਹਲ, ਸਿੰਬਲ, ਕਰੋਂਦਾ, ਕਚਨਾਰ, ਪੁਤਰਨ ਜੀਵਾ, ਬਿੱਲ, ਸੀਤਾ, ਅਸ਼ੋਕ, ਲਸੂੜਾ, ਹਰੜ, ਢੇਹੂ, ਸੰਭਾਲੂ, ਬਾਂਸ, ਅੰਜੀਰ, ਮਲ ਬਰ, ਵਣ, ਰਹੂੜਾ, ਕਰੀਰ, ਖਿਰਨੀ, ਤੇਂਦੂ, ਜਾਮਣ, ਦੇਸੀ ਅੰਬ ਅਤੇ ਚਮਰੋੜ ਆਦਿ ਹਨ। ਇਨ੍ਹਾਂ 'ਚੋਂ ਚੋਣ ਕਰਕੇ ਬਾਗਾਂ ਅਤੇ ਘਰਾਂ ਦੇ ਆਲੇ-ਦੁਆਲੇ ਜਾਂ ਖਾਲੀ ਥਾਵਾਂ 'ਤੇ ਮਾਹਿਰਾਂ ਦੀ ਸਲਾਹ ਲੈ ਕੇ ਲਗਾਏ ਜਾ ਸਕਦੇ ਹਨ। ਨਵੇਂ ਲਗਾਏ ਬੂਟਿਆਂ ਅਤੇ ਰੁੱਖਾਂ ਦੀ ਦੇਖਭਾਲ ਕਰਨੀ ਬਹੁਤ ਜ਼ਰੂਰੀ ਹੈ। ਬੂਟਿਆਂ ਨੂੰ ਹਫਤੇ 'ਚ ਦੋ ਵਾਰ ਪਾਣੀ ਦੇਣਾ ਲੋੜੀਦਾ ਹੈ। ਕਈ ਵਾਰ ਬੂਟਿਆਂ ਉੱਤੇ ਵੇਲਾਂ ਚੜ੍ਹ ਜਾਂਦੀਆਂ ਹਨ ਅਤੇ



ਭਗਵਾਨ ਦਾਸ

ਬੂਟਿਆਂ ਦੀਆਂ ਜੜ੍ਹਾਂ 'ਚ ਨਦੀਨ ਹੋ ਜਾਂਦੇ ਹਨ। ਇਸ ਲਈ ਹਰ ਮਹੀਨੇ ਦੋ ਵਾਰ ਬੂਟਿਆਂ ਦੀ ਗੋਡੀ ਕਰ ਦੇਣੀ ਚਾਹੀਦੀ ਹੈ। ਲਗਭਗ ਛੇ ਮਹੀਨੇ ਬਾਅਦ ਬੂਟਿਆਂ ਅਤੇ ਰੁੱਖਾਂ ਨੂੰ ਦੁਬਾਰਾ ਸਿਉਂਕ ਤੋਂ ਬਚਾਉਣ ਲਈ ਕਲੋਰੋਪਾਇਰੀਫਾਸ ਜਾਂ ਹੋਰ ਕੋਈ ਸਿਉਂਕ ਦੀ ਦਵਾਈ ਪਾ ਦੇਣੀ ਚਾਹੀਦੀ ਹੈ। ਬੂਟੇ ਲਗਾਉਣ ਲਈ ਦੁਪਹਿਰ ਤੋਂ ਬਾਅਦ ਦਾ ਸਮਾਂ ਅਨੁਕੂਲ ਹੈ ਜਾਂ ਫਿਰ ਬਰਸਾਤ ਦੇ ਮੌਸਮ 'ਚ ਮੀਂਹ ਪੈਂਦੇ ਸਮੇਂ ਇਨ੍ਹਾਂ ਨੂੰ ਲਗਾਇਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਬੂਟੇ ਮਰਨ ਤੋਂ ਬਚ ਜਾਣਗੇ।

ਆਬਾਦੀ ਵਧਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਇਸ ਨੂੰ ਬਚਾਉਣ ਲਈ ਸਰਕਾਰ ਨੂੰ ਇਹ ਜ਼ਰੂਰੀ ਕਰ ਦੇਣਾ ਚਾਹੀਦਾ ਹੈ ਕਿ ਨਕਸ਼ਾ ਪਾਸ ਕਰਵਾਉਣ ਸਮੇਂ ਹਰ ਵਿਅਕਤੀ ਇਕ ਬੂਟਾ ਘਰ 'ਚ ਲਗਾਏ ਅਤੇ ਪਿੰਡਾਂ 'ਚ ਟਿਊਬਵੈੱਲਾਂ 'ਤੇ ਘੱਟੋ-ਘੱਟ 4-5 ਰੁੱਖ ਲਗਾਏ ਜਾਣ। ਇਸ ਨਾਲ ਪੰਜਾਬ ਦੇ ਵਾਤਾਵਰਨ ਨੂੰ ਹਰਾ-ਭਰਾ ਰੱਖਣ 'ਚ ਸਹਾਇਤਾ ਮਿਲੇਗੀ ਅਤੇ ਖਪਤ ਲਈ ਜੇ ਫਲਾਂ ਦੇ ਬੂਟੇ ਜਾਂ ਰੁੱਖ ਲਗਾਏ ਜਾਣ ਤਾਂ ਫਲ ਵੀ ਮਿਲਣਗੇ, ਜੋ ਸਿਹਤ ਲਈ ਲਾਭਦਾਇਕ ਹਨ। ਵਾਤਾਵਰਨ ਗਰਮ ਤੇ ਪ੍ਰਦੂਸ਼ਿਤ ਹੋਣ ਦਾ ਇਕ ਕਾਰਨ ਇਹ ਹੈ ਕਿ ਸੜਕਾਂ ਦੇ ਆਲੇ-ਦੁਆਲੇ ਰੁੱਖ ਕੱਟੇ ਜਾ ਰਹੇ ਹਨ। ਵਾਹਨਾਂ ਤੇ ਮੋਟਰ ਗੱਡੀਆਂ ਦੀ ਤਾਦਾਦ ਵੱਧ ਰਹੀ ਹੈ ਅਤੇ ਘਰਾਂ ਤੇ ਏ. ਸੀਆਂ ਦੀ ਭਰਮਾਰ ਹੈ। ਅਜਿਹੇ ਵਾਤਾਵਰਨ 'ਤੇ ਕਾਬੂ ਪਾਉਣ ਲਈ ਨਵੇਂ ਰੁੱਖ ਤੇ ਬੂਟਿਆਂ ਦਾ ਲਗਾਉਣਾ ਬਹੁਤ ਜ਼ਰੂਰੀ ਹੈ। ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ (ਰਿਟ.) ਕਹਿੰਦੇ ਹਨ ਜਿਨ੍ਹਾਂ ਵਿਅਕਤੀਆਂ ਨੇ ਫੁੱਲਾਂ ਵਾਲੇ ਰੁੱਖ ਲਗਾਉਣੇ ਹੋਣ ਉਹ ਗੁਲਾਚੀਨ, ਬੋਤਲ ਬਰੱਸ਼, ਕੇਸੀਆ, ਜਾਵਾਨੀਕਾ, ਪਿੰਕ ਕੇਸੀਆ, ਮੈਕਸੀਕਾਨ ਸਿਲਕ ਕਾਟਨ ਟ੍ਰੀ, ਗੁਲਮੋਹਰ, ਅਰਾਈਥਰੀਨਾ, ਨੀਲੀ ਗੁਲਮੋਹਰ ਆਦਿ 'ਚੋਂ ਚੋਣ ਕਰਕੇ ਲਗਾ ਸਕਦੇ ਹਨ। ਇਨ੍ਹਾਂ ਰੁੱਖਾਂ ਨਾਲ ਘਰਾਂ ਅਤੇ ਫਾਰਮਾਂ ਦੀ ਖੂਬਸੂਰਤੀ ਵੀ ਵਧੇਗੀ ਅਤੇ ਵਾਤਾਵਰਨ ਦਿਲਖਿਚਵਾਂ ਹੋਵੇਗਾ। ਜਿਨ੍ਹਾਂ ਵਿਅਕਤੀਆਂ ਨੇ ਫੁੱਲਾਂ ਵਾਲੀਆਂ ਝਾੜੀਆਂ ਲਗਾਉਣੀਆਂ ਹਨ ਉਹ ਕਲੀਐਂਡਰਾ, ਯੂਫੋਰਬੀਆ, ਹਮੇਲੀਆ, ਜੈਟਰੋਫਾ, ਲਿਨਟਾਨਾ, ਡਬਲ ਚਾਂਦਨੀ, ਡਵਾਰਫ ਚਾਂਦਨੀ, ਵੈਰੀਗੇਟਿਡ ਚਾਂਦਨੀ, ਟੀਕੋਮਾ ਸਪੇਟ ਪੀਲੀ ਕਨੇਹ, ਡਥੋਂਆ, ਰੁਕਮੰਜਨੀ, ਮੁਸਡਾ, ਪੋਆਇਨਸਿਟੀਆ, ਗੁਲਮੋਹਰੀ, ਮਰਈਆ ਆਦਿ 'ਚੋਂ ਚੁਣ ਸਕਦੇ ਹਨ। ਇਨ੍ਹਾਂ ਝਾੜੀਆਂ ਦੇ ਫੁੱਲ ਟਹਿਲਣ ਲੱਗਿਆਂ ਖੁਸ਼ਨੁਮਾ ਲੱਗਣਗੇ ਅਤੇ ਸੁਹੱਪਣ ਪ੍ਰਦਾਨ ਕਰਨਗੇ। ਇਹੋ ਨਹੀਂ ਇਹ ਝਾੜੀਆਂ ਖੁਸ਼ਬੂਦਾਰ ਵੀ ਲਗਾਈਆਂ ਜਾ ਸਕਦੀਆਂ ਹਨ। ਜਿਨ੍ਹਾਂ 'ਚ ਹਾਰ-ਸ਼ਿੰਗਾਰ, ਰਾਤ ਦੀ ਰਾਣੀ, ਦਿਨ ਦਾ ਰਾਜਾ, ਮੋਤੀਆ, ਗਾਰਡੀਨੀਆ, ਚਿਲਟਾ, ਮਰਈਆ ਆਦਿ ਝਾੜੀਆਂ ਸ਼ਾਮਿਲ ਹਨ। ਜੇ ਖੁਸ਼ਬੂਦਾਰ ਰੁੱਖ ਲਗਾਉਣੇ ਹੋਣ ਤਾਂ ਕਨਕ ਚੰਪਾ, ਪਰੀ ਚੰਪਾ ਅਤੇ ਬੜਾ ਚੰਪਾ ਲਗਾਏ ਜਾ ਸਕਦੇ ਹਨ।

ਬੂਟੇ ਤੇ ਰੁੱਖ ਲਗਾਉਣ ਤੋਂ ਬਾਅਦ ਉਨ੍ਹਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ। ਉਨ੍ਹਾਂ ਦੇ ਪਾਲਣ-ਪੋਸ਼ਣ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਮਾਹਿਰਾਂ ਦੀ ਸਲਾਹ ਅਨੁਸਾਰ ਪਾਣੀ ਦੇਣਾ, ਬਿਮਾਰੀ ਆਉਣ ਦੀ ਹਾਲਤ 'ਚ ਦਵਾਈ ਦਾ ਛਿੜਕਾਅ ਕਰਨਾ, ਸੀਜ਼ਨ 'ਚ ਕਾਂਟ-ਛਾਂਟ ਕਰਨੀ ਅਤੇ ਸਮੇਂ-ਸਮੇਂ 'ਤੇ ਰੁੱਖਾਂ ਤੇ ਬੂਟਿਆਂ ਦੇ ਵਿਕਾਸ ਨੂੰ ਵੇਖ ਕੇ ਉਨ੍ਹਾਂ ਦਾ ਵਿਕਾਸ ਤੇਜ਼ ਕਰਨ ਲਈ ਤੇ ਉਨ੍ਹਾਂ ਨੂੰ ਮੁਰਝਾਉਣ ਤੇ ਮਰਨ ਤੋਂ ਬਚਾਉਣ ਲਈ ਜ਼ਰੂਰੀ ਕਦਮ ਚੁੱਕੇ ਜਾਣੇ ਬਹੁਤ ਜ਼ਰੂਰੀ ਹਨ। ਦੇਖਣ 'ਚ ਆਇਆ ਹੈ ਕਿ ਜੋ ਸਾਂਝੀਆਂ ਥਾਵਾਂ 'ਤੇ ਰੁੱਖ ਤੇ ਬੂਟੇ ਲਗਾਏ ਜਾਂਦੇ ਹਨ, ਉਨ੍ਹਾਂ ਦੀਆਂ ਲਗਾਉਣ ਵੇਲੇ ਤਸਵੀਰਾਂ ਲੈਣ ਅਤੇ ਲੋਕ ਦਿਖਾਵਾ ਕਰਨ ਤੋਂ ਬਾਅਦ ਕੋਈ ਵਿਅਕਤੀ ਉਨ੍ਹਾਂ ਦਾ ਪਾਲਣ-ਪੋਸ਼ਣ ਅਤੇ ਦੇਖਭਾਲ ਨਹੀਂ ਕਰਦਾ, ਜਿਸ ਕਾਰਨ ਰੁੱਖ ਤੇ ਬੂਟੇ ਚਲਣ ਦੀ ਬਜਾਏ ਥੋੜ੍ਹਾ ਚਿਰ ਖੜ੍ਹੇ ਰਹਿ ਕੇ ਮਰ ਜਾਂਦੇ ਹਨ। ਕਿਸੇ ਵਿਅਕਤੀ ਦੀ ਇਹ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਸਾਂਝੀ ਥਾਂ 'ਤੇ ਲੱਗੇ ਰੁੱਖਾਂ ਅਤੇ ਬੂਟਿਆਂ ਦੀ ਪੂਰੀ ਦੇਖਭਾਲ ਕਰੇ।

## ਮੁੱਖ ਮੰਤਰੀ ਪੰਜਾਬ ਦੇ ਨਾਮ ਖੁੱਲ੍ਹਾ ਪੱਤਰ

ਸ. ਭਗਵੰਤ ਸਿੰਘ ਮਾਨ,
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ।

**ਵਿਸ਼ਾ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ 01.01.2016 ਤੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਵਧਾਈ ਹੋਈ ਪੈਨਸ਼ਨ ਇੰਨੇ ਲੰਮੇ ਸਮੇਂ ਤੱਕ ਨਾ ਮਿਲਣ ਬਾਰੇ।**

**ਮਾਣਯੋਗ ਸ. ਭਗਵੰਤ ਸਿੰਘ ਮਾਨ ਜੀਓ,**

**ਸਤਿ ਸ੍ਰੀ ਅਕਾਲ ਜੀ।**

ਇਹ ਗੱਲ ਭਾਵੇਂ ਪਹਿਲਾਂ ਹੀ ਤੁਹਾਡੇ ਧਿਆਨ ਵਿਚ ਹੋਵੇ ਪਰ ਅਸੀਂ ਇਸ ਊਕਾਈ ਵੱਲ ਆਪ ਜੀ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੇ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ, ਲੁਧਿਆਣਾ ਦੇ ਜਨਵਰੀ 2016 ਤੋਂ ਪਹਿਲਾਂ ਰਿਟਾਇਰ ਹੋਏ ਅਧਿਆਪਕਾਂ ਦੀ ਪੈਨਸ਼ਨ ਅੱਜ ਤੀਕ ਰੀਵਾਈਜ਼ ਨਹੀਂ ਹੋਈ ਜਦੋਂਕਿ ਪੰਜਾਬ ਦੀਆਂ ਬਾਕੀ ਸਭ ਯੂਨੀਵਰਸਿਟੀਆਂ ਅਤੇ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਦੀਆਂ ਪੈਨਸ਼ਨਾਂ ਰੀਵਾਈਜ਼ ਹੋ ਚੁੱਕੀਆਂ ਹਨ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ 2018 ਤੋਂ ਬਾਅਦ ਇਨ੍ਹਾਂ ਅਧਿਆਪਕਾਂ ਨੂੰ ਵਧਿਆ ਮਹਿੰਗਾਈ ਭੱਤਾ ਵੀ ਨਹੀਂ ਮਿਲਿਆ। ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਅਤੇ ਪੀ ਏ ਯੂ, ਲੁਧਿਆਣਾ ਦੇ ਜਨਵਰੀ 2016 ਤੋਂ ਪਹਿਲਾਂ ਲਗਭਗ 875 ਅਧਿਆਪਕ ਰਿਟਾਇਰ ਹੋਏ ਹਨ। ਇਹਨਾਂ ਪੈਨਸ਼ਨਰਾਂ ਦੀ ਔਸਤ ਉਮਰ 77 ਸਾਲ ਹੈ। ਪਿਛਲੇ ਇੱਕ ਸਾਲ ਵਿੱਚ ਤਕਰੀਬਨ 30 ਪੈਨਸ਼ਨਰ ਰੱਬ ਨੂੰ ਪਿਆਰੇ ਹੋ ਗਏ ਹਨ।

ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜਿਹੜੇ ਵਿੱਤੀ ਲਾਭ ਬਾਕੀ ਯੂਨੀਵਰਸਿਟੀਆਂ ਤੇ ਸਰਕਾਰੀ ਕਾਲਜਾਂ ਦੇ ਅਧਿਆਪਕਾਂ ਨੂੰ ਮਿਲ ਚੁੱਕੇ ਹਨ, ਉਨ੍ਹਾਂ ਤੋਂ ਸਾਨੂੰ ਕਿਉਂ ਵਾਂਝਾ ਰੱਖਿਆ ਜਾ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤੇ ਉਹ ਬਜ਼ੁਰਗ ਅਧਿਆਪਕ ਹਨ, ਜਿਨ੍ਹਾਂ ਨੇ ਪੰਜਾਬ ਦੀ ਹਰੀ ਤੇ ਚਿੱਟੀ ਕ੍ਰਾਂਤੀ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ।

ਪੰਜਾਬ ਸਰਕਾਰ ਨੇ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਸੋਧੀ ਹੋਈ ਤਨਖਾਹ ਅਤੇ ਪੈਨਸ਼ਨ ਨੋਟੀਫਿਕੇਸ਼ਨ ਨੰਬਰ 09/01/2021-5 FP1/671 ਮਿਤੀ 05/07/2021 ਅਨੁਸਾਰ 01/01/2016 ਤੋਂ ਲਾਗੂ ਕਰ ਦਿੱਤੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ ਲੁਧਿਆਣਾ ਦੀ ਨੋਟੀਫਿਕੇਸ਼ਨ ਨੰਬਰ Pen(4) 2021/1560 ਮਿਤੀ 14.01. 2022 ਅਨੁਸਾਰ ਸੋਧੀ ਹੋਈ ਪ੍ਰੋਫੈਸਰਾਂ/ਸਾਇੰਸਦਾਨਾਂ ਤੋਂ ਇਲਾਵਾ ਬਾਕੀ ਮੁਲਾਜ਼ਮਾਂ ਨੂੰ ਦੇ ਦਿੱਤੀ ਗਈ।

ਮਹਿਕਮਾ ਖੇਤੀਬਾੜੀ ਪੰਜਾਬ ਨੇ ਇਕ ਹੋਰ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਦਾ 25/11/2009-Agri-4(2)4962 ਮਿਤੀ 10/05/2023 ਇਸ ਨੋਟੀਫਿਕੇਸ਼ਨ ਅਨੁਸਾਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ 01/01/2016 ਤੋਂ ਬਾਅਦ ਸੇਵਾ ਮੁਕਤ ਹੋਏ ਪ੍ਰੋਫੈਸਰਾਂ ਅਤੇ ਸਾਇੰਸਦਾਨਾਂ ਨੂੰ ਵੀ ਵਧਾਈ ਹੋਈ ਪੈਨਸ਼ਨ ਲਾਗੂ ਕਰ ਦਿੱਤੀ। ਇਸੇ ਨੋਟੀਫਿਕੇਸ਼ਨ ਦੀ ਮੱਦ 2(iii) ਵਿੱਚ ਲਿਖ ਦਿੱਤਾ ਗਿਆ ਕਿ ਸੋਧੀ ਹੋਈ ਪੈਨਸ਼ਨ 01/01/2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ 'ਤੇ ਲਾਗੂ ਨਹੀਂ ਹੋਵੇਗੀ।

ਇਹਨਾਂ ਅਧਿਆਪਕਾਂ ਵਿਚ ਵਰਤਮਾਨ ਪੀ ਏ ਯੂ ਵਾਈਸ ਚਾਂਸਲਰ ਡਾ. ਸ. ਸ. ਗੋਸਲ, ਸਾਬਕਾ ਵਾਈਸ ਚਾਂਸਲਰ ਡਾ. ਸ. ਸ. ਜੌਹਲ, ਡਾ. ਬਲਦੇਵ ਸਿੰਘ ਢਿੱਲੋਂ, ਡਾ. ਨ. ਸ. ਮੱਲ੍ਹੀ, ਡਾ. ਮਿਲਖਾ ਸਿੰਘ ਔਲਖ, ਡਾ. ਸਰਬਜੀਤ ਸਿੰਘ ਚਾਹਲ ਤੇ ਕਈ ਹੋਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਅਧਿਆਪਕ ਸ਼ਾਮਿਲ ਹਨ। ਡਾ. ਸੁਰਜੀਤ ਪਾਤਰ ਤੇ ਡਾ. ਗੁਰਭਜਨ ਸਿੰਘ ਗਿੱਲ ਵੀ ਇਸ ਵਰਗ ਵਿਚ ਹੀ ਸ਼ਾਮਿਲ ਹਨ।

ਹੋਰ ਵੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਬਜ਼ੁਰਗ ਅਧਿਆਪਕਾਂ ਨੂੰ ਮਹਿੰਗਾਈ/ਮੈਡੀਕਲ ਭੱਤੇ ਵੀ ਨਹੀਂ ਮਿਲ ਰਹੇ। ਸਾਡੇ ਵਿਚੋਂ ਕਈ ਬਜ਼ੁਰਗ ਅਧਿਆਪਕ ਤਾਂ ਨਵੀਂ ਸੋਧੀ ਪੈਨਸ਼ਨ ਦੀ ਉਡੀਕ ਕਰਦੇ ਕਰਦੇ ਸਵਰਗਵਾਸ ਵੀ ਹੋ ਗਏ ਹਨ।

**ਕਿਰਪਾ ਕਰਕੇ ਵਿੱਤ ਵਿਭਾਗ ਨੂੰ ਪੈਨਸ਼ਨ ਰੀਵਾਇਜ਼ ਕਰਕੇ ਇਨ੍ਹਾਂ ਦਾ ਬੁਢਾਪਾ ਸੰਵਾਰਨ ਦਾ ਯਤਨ ਕਰਕੇ ਅਸੀਸਾਂ ਦੇ ਪਾਤਰ ਬਣਿਆ ਜਾ ਸਕੇ।**

**ਆਪ ਜੀ ਦੇ ਸ਼ੁੱਭਚਿੰਤਕ,**

**ਡਾ. ਗੁਰਭਜਨ ਸਿੰਘ ਗਿੱਲ, ਡਾ. ਡੀ. ਡੀ. ਨਾਰੰਗ,**
**ਡਾ. ਸਰਬਜੀਤ ਸਿੰਘ (ਪ੍ਰਧਾਨ, ਰਿਟਾਇਰਡ ਪੀ. ਏ. ਯੂ. ਟੀਚਰਜ਼, ਲੁਧਿਆਣਾ)**
**ਡਾ. ਰਣਜੋਧਨ ਸਿੰਘ (ਪ੍ਰਧਾਨ, ਰਿਟਾਇਰਡ ਗਡਵਾਸੂ ਟੀਚਰਜ਼, ਲੁਧਿਆਣਾ)**
**ਅਤੇ 2016 ਤੋਂ ਪਹਿਲਾਂ ਦੇ ਸਮੂਹ ਰਿਟਾਇਰ ਅਧਿਆਪਕ/ਵਿਗਿਆਨੀ,**
**ਪੀ. ਏ. ਯੂ. ਅਤੇ ਗਡਵਾਸੂ, ਲੁਧਿਆਣਾ**

ਬਾਕੀ ਸਫਾ 7 ਦੀ

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

ਫਸਲ ਦਾ ਬਹੁਤ ਨੁਕਸਾਨ ਕਰਦੇ ਹਨ। ਇਸ ਕਰਕੇ ਨਰਮੇ ਦੇ ਨੇੜਲੇ ਖੇਤਾਂ ਤੇ ਇਸ ਦਵਾਈ ਦਾ ਛਿੜਕਾਅ ਨਾ ਕਰੋ। ਕਿਸੇ ਫਸਲ ਉੱਪਰ 2,4-ਡੀ ਸਪਰੇ ਕਰਨ ਤੋਂ ਬਾਅਦ ਸ਼ਾਮ ਨੂੰ ਸਪਰੇ ਪੰਪ, ਟੱਬ, ਨੋਜ਼ਲਾਂ ਅਤੇ ਬਾਲਟੀ ਆਦਿ ਨੂੰ 0.5 ਪ੍ਰਤੀਸ਼ਤ ਸੋਢੇ ਦੇ ਪਾਣੀ ਨਾਲ ਭਰ ਦਿਓ (500 ਗ੍ਰਾਮ ਸੋਢਾ 100 ਲਿਟਰ ਪਾਣੀ) ਅਤੇ ਸਵੇਰੇ ਇਸ ਸਮਾਨ ਨੂੰ ਸਾਫ ਪਾਣੀ ਨਾਲ ਧੋ ਲਵੋ। ਮਿਲਾਵਟ ਵਾਲੀ ਜ਼ਹਿਰ ਦੀ ਵਰਤੋਂ ਤੋਂ ਬਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਪਰੇ ਕਰਨ ਤੋਂ ਦੋ ਕੁ ਹਫਤੇ ਪਹਿਲਾਂ ਇਸ ਜ਼ਹਿਰ ਨੂੰ ਕੁੱਝ ਬੂਟਿਆਂ ਉੱਪਰ ਛਿੜਕ ਕੇ ਦੇਖ ਲਓ। ਜੇਕਰ ਜ਼ਹਿਰ ਵਿੱਚ 2,4-ਡੀ ਜ਼ਹਿਰ ਦਾ ਰਲਾ ਹੋਵੇਗਾ ਤਾਂ 10 ਦਿਨਾਂ ਦੇ ਅੰਦਰ ਫਸਲ ਦੇ ਕੂਲੇ ਪੱਤੇ ਅਤੇ ਟਹਿਣੀਆਂ ਖਰਾਬ ਹੋ ਜਾਣਗੇ ਜਾਂ ਪੱਤੇ ਝੜ ਜਾਣਗੇ। ਅਜਿਹੀਆਂ ਜ਼ਹਿਰਾਂ ਨਾ ਵਰਤੋਂ ਜਿਸ ਨਾਲ ਫਸਲ ਤੇ ਕੋਈ ਮਾੜਾ ਅਸਰ ਹੋਵੇ। ਫਸਲ ਤੇ ਉੱਲੀ ਦੇ ਧੱਬਿਆਂ ਦੇ ਰੋਗ ਨੂੰ ਰੋਕਣ ਲਈ ਐਮੀਸਟਾਰ ਟੌਪ 20 ਮਿ.ਲਿ. ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਕਮਾਦ** : ਕਮਾਦ ਦੀ ਫਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖੀਰ ਤੱਕ ਫਸਲ ਤੱਕ ਫਸਲ ਦੇ ਮੂੰਏ ਬੰਨ੍ਹ ਦਿਓ। ਰੇਤਲੀ ਅਤੇ ਕੱਲਰ ਵਾਲੀਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ 'ਤੇ ਆ ਜਾਂਦੀ ਹੈ ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ। ਨਵੇਂ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ। ਇਸ ਤੱਤ ਦੀ ਘਾਟ 1 ਪ੍ਰਤੀਸ਼ਤ



ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ। ਹਫਤੇ ਦੇ ਵਕਫੇ ਤੇ 2-3 ਛਿੜਕਾਅ ਕਰੋ। ਵੱਖਰੀ-ਵੱਖਰੀ ਤਰ੍ਹਾਂ ਦੇ ਗੜੂੰਏਂ ਅਤੇ ਖਾਸ ਕਰਕੇ ਗੁਰਦਾਸਪੁਰੀ ਗੜੂੰਏਂ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਓ। ਇਹ ਕੰਮ ਹਫਤੇ ਦੇ ਵਕਫੇ ਤੇ ਕਰਦੇ ਰਹੋ ਤਾਂ ਜੋ ਗੜੂੰਆਂ ਫਸਲ ਤੇ ਅਸਰ ਨਾ ਕਰ ਸਕੇ। ਤਣੇ ਤੇ ਗੜੂੰਏਂ ਦੀ ਰੋਕਥਾਮ ਲਈ ਮਿੱਤਰ ਕੀੜਾ, ਟਰਾਈਕੋਗਰਾਮਾ ਕਿਲੋਨਿਸ 20,000 ਪ੍ਰਤੀ ਏਕੜ ਦੇ ਹਿਸਾਬ ਤੋਂ ਲੈ ਕੇ ਅਕਤੂਬਰ ਤੱਕ ਦਸ ਦਿਨਾਂ ਦੇ ਵਕਫੇ ਤੇ 10 ਤੋਂ 12 ਵਾਰ ਖੇਤ ਵਿਚ ਛੱਡੋ। ਜੁਲਾਈ ਤੋਂ ਅਕਤੂਬਰ ਮਹੀਨਿਆਂ ਦੌਰਾਨ 10 ਫਿਰੋਮੋਨ ਟ੍ਰੈਪ ਵੀ ਲਗਾਓ ਅਤੇ ਫਿਰੋਮੋਨ ਲਿਓਰ ਨੂੰ ਇੱਕ ਮਹੀਨੇ ਦੇ ਵਕਫੇ ਤੇ ਬਦਲੋ। ਕਮਾਦ ਦੇ ਘੋੜੇ ਦੀ ਰੋਕਥਾਮ ਲਈ 600 ਮਿ.ਲਿ. ਕਲੋਰੋਪਾਈਰੀਫਾਸ 20 ਈ ਸੀ 400 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਹਰੇ ਚਾਰੇ** : ਫਲੀਦਾਰ ਅਤੇ ਗੈਰ ਫਲੀਦਾਰ ਚਾਰੇ ਮਿਲਾ ਕੇ ਬੀਜ ਦਿਓ। ਅਜਿਹਾ ਕਰਨ ਨਾਲ ਪੌਸ਼ਟਿਕਤਾ ਵੱਧਦੀ ਹੈ। ਮੱਕੀ+ਗੁਆਰਾ/ਰਵਾਂਹ ਮਿਲਾ ਕੇ ਬੀਜੋ। ਬਹੁਤੀ ਕਟਾਈ ਵਾਲੇ ਚਾਰਿਆਂ ਦੀ ਫਸਲ ਵਿਚ ਪਾਣੀ ਨਾ ਖੜ੍ਹਾ ਰਹਿਣ ਦਿਓ ਅਤੇ 30 ਕਿਲੋ ਨਾਈਟ੍ਰੋਜਨ (66 ਕਿਲੋ ਯੂਰੀਆ) ਪ੍ਰਤੀ ਏਕੜ ਕਟਾਈ ਤੋਂ



ਬਾਅਦ ਪਾਓ। ਮੱਕੀ, ਵਿਚ ਇੱਟਸਿਟ ਨੂੰ ਰੋਕਣ ਲਈ ਉੱਗਣ ਤੋਂ ਪਹਿਲਾਂ ਐਟਰਾਟਾਫ 800 ਗ੍ਰਾਮ ਪ੍ਰਤੀ ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜਮੀਨਾਂ ਵਿਚ 200 ਲੀਟਰ ਪਾਣੀ ਦੀ ਵਰਤੋਂ ਕਰ ਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ, ਜੇਕਰ ਚਾਰੇ ਵਾਲੀ ਮੱਕੀ ਵਿਚ ਐਟਰਾਟਾਫ ਦਾ ਛਿੜਕਾਅ ਕਰਨਾ ਹੋਵੇ ਤਾਂ ਚਾਰੇ ਵਾਲੀ ਮੱਕੀ ਦੀ ਬਿਜਾਈ 15 ਅਗਸਤ ਤੋਂ ਪਹਿਲਾਂ ਕਰੋ ਕਿਉਕਿ ਮੱਕੀ ਤੋਂ ਮਗਰੋਂ ਬੀਜੀ ਜਾਣ ਵਾਲੀ ਫਸਲ ਤੇ ਐਟਰਾਟਾਫ ਦਾ ਮਾੜਾ ਅਸਰ ਆਉਂਦਾ ਹੈ। ਚਾਰੇ ਵਾਲੀ ਮੱਕੀ ਦੀ ਜਦੋਂ ਦੋਧੀ ਅਵਸਥਾ ਹੋਵੇ, ਬਾਜਰਾ ਜਦੋਂ ਝੰਡੇ ਦੀ ਅਵਸਥਾ ਹੋਵੇ, ਨੇਪੀਅਰ ਬਾਜਰਾ ਅਤੇ ਗਿੰਨੀ ਘਾਹ ਜਦੋਂ ਕਿ ਇਕ ਮੀਟਰ ਉੱਚੇ ਹੋਣ ਅਤੇ ਚਰ੍ਹੀ ਜਦੋਂ ਫੁੱਲਾਂ ਦੀ ਅਵਸਥਾ ਤੇ ਹੋਵੇ, ਕਟਾਈ ਕਰ ਲਓ। ਅਜਿਹਾ ਚਾਰਾ ਪਾਉਣ ਨਾਲ ਦੁੱਧ ਉਤਪਾਦਨ ਵਿਚ ਵਾਧਾ ਹੋਵੇਗਾ। ਵਾਧੂ ਚਾਰੇ ਦਾ ਆਚਾਰ ਬਣਾ ਕੇ ਤੰਗੀ ਵਾਲੇ ਸਮੇਂ ਲਈ ਰੱਖ ਲਓ।

**ਪਾਰਥੀਨੀਅਮ / ਗਾਜਰ ਬੂਟੀ / ਕਾਂਗਰਸ ਬੂਟੀ ਦੀ ਰੋਕਥਾਮ** : ਇਹ ਨਦੀਨ ਅਣ-ਵਾਹੀਆਂ ਜ਼ਮੀਨਾਂ, ਬਾਗਾਂ ਅਤੇ ਹੋਰ ਦਰੱਖਤਾਂ ਵਾਲੀਆਂ ਥਾਵਾਂ ਤੇਜ਼ੀ ਸਮੱਸਿਆ ਬਣਦਾ ਜਾ ਰਿਹਾ ਹੈ। ਇਹ ਨਦੀਨ ਕਈ ਬਿਮਾਰੀਆਂ ਜਿਵੇਂ ਕਿ ਅਲਰਜੀ, ਸਾਹ ਅਤੇ ਚਮੜੀ ਦੇ ਰੋਗ ਵੀ ਉਤਪੰਨ ਕਰਦਾ ਹੈ। ਇਸ ਨੂੰ ਵਾਰ-ਵਾਰ ਕੱਟ ਕੇ ਜਾਂ ਜੜ੍ਹੋਂ ਪੁੱਟ ਕੇ ਇਸ ਦਾ ਨਾਸ਼ ਕੀਤਾ ਜਾ ਸਕਦਾ ਹੈ।

| ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਕੀਟਨਾਸ਼ਕ | |
|---|---|
| ਮਾਰਕਾ (ਕੀਟਨਾਸ਼ਕ) | ਮਾਤਰਾ ਪ੍ਰਤੀ ਏਕੜ |
| **ਗੁਲਾਬੀ ਅਤੇ ਚਿਤਕਬਰੀ ਸੁੰਡੀਆਂ** | |
| **ੳ) ਸਿੰਥੈਟਿਕ ਪਰਿਥਰਾਇਡ** | |
| ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) | 300 ਮਿਲੀਲਿਟਰ |
| ਫਾਸਟਾਕ/ਐਲਫਾਗਾਰਡ/ਮੈਰਿਟ ਅਲਫਾ 10 ਈ ਸੀ (ਐਲਫਾਮੈਥਰਿਨ) | 100 ਮਿਲੀਲਿਟਰ |
| ਬੁਲਡਾਕ 0.25 ਐਸ ਸੀ (ਬੀਟਾ ਸਾਈਫਲੂਥਰਿਨ) | 300 ਮਿਲੀਲਿਟਰ |
| ਰਿਪਕਾਰਡ/ਬਿਲਸਿਪ/ਬੁਲੱਟ/ਉਸਤਾਦ/ਸਾਈਪਰਗਾਰਡ 10 ਈ ਸੀ (ਸਾਈਪਰਮੈਥਰਿਨ) | 200 ਮਿਲੀਲਿਟਰ |
| ਸਿੰਬੁਸ਼/ਸਾਈਪਰਕਿਲ/ਹਿਲਸਾਈਪਰ/ਕੱਲਟ/ਬਾਸਾਥ੍ਰੀਨ/ਐਗਰੋਸਾਈਪਰ/ਸਾਈਪ੍ਰਗਾਰਡ/ਮਾਰਕਸਾਈਪਰ 25 ਈ ਸੀ (ਸਾਈਪਰਮੈਥਰਿਨ) | 80 ਮਿਲੀਲਿਟਰ |
| ਡੇਸਿਸ/ਰੁਕਾਰਿੰਨ/ਡੈਸੀਕੇਅਰ 2.8 ਈ ਸੀ (ਡੈਲਟਾਪਰਮੈਥਰਿਨ) | 160 ਮਿਲੀਲਿਟਰ |
| ਸੁਮੀਸੀਡੀਨ/ਫੈਨਵਲ/ਐਗਰੋਵਿਨ/ਫੈਨਲਿਕ/ਟ੍ਰਿਮਫਕਾਰਡ/ਸਨਬੀਨਫੈਨਵਲਰੇਟ/ਮਿਲਫਿੰਨ/ਮਾਰਕਫੈਨਫਲ/ਫੈਨਰੀਓ 20 ਈ ਸੀ (ਫੈਨਵਲਰੇਟ) | 100 ਮਿਲੀਲਿਟਰ |
| **ਗੁਲਾਬੀ/ਚਿਤਕਬਰੀ ਅਤੇ ਛੋਟੀਆਂ ਅਮਰੀਕਨ ਸੁੰਡੀਆਂ** | |
| **ੳ) ਮੈਕਰੋਸਾਈਕਲਿਕ ਲੈਕਟੋਨ** | |
| ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜ਼ੋਏਟ) | 100 ਗ੍ਰਾਮ |
| **ਅ) ਕਾਰਬਾਮੇਟ** | |
| ਲਾਰਵਿਨ 75 ਡਬਲਯੂ ਪੀ (ਥਾਇਓਡੀਕਾਰਕਬ) | 250 ਗ੍ਰਾਮ |
| **ੲ) ਆਰਗੈਨੋਫਾਸਫੇਟ** | |
| ਕਿਉਰਾਕਰਾਨ/ਕਰੀਨਾ/ਪ੍ਰੋਫੈਕਸ/ਸਿਲਕਰਾਨ 50 ਈ ਸੀ (ਪਰੋਫੈਨੋਫਾਸ) | 500 ਮਿਲੀਲਿਟਰ |
| ਫਾਸਮਾਈਟ/ਈ-ਮਾਈਟ/ਵੇਲਥਿਆਨ 50 ਈ ਸੀ (ਈਥੀਆਨ) | 800 ਮਿਲੀਲਿਟਰ |
| **ਸ) ਵੁਟਕਲ ਗਰੁੱਪ** | |
| ਫੇਮ 480 ਐਸ ਸੀ (ਫਲੂਬੈਂਡੀਆਮਾਈਡ) | 40 ਮਿਲੀਲਿਟਰ |
| ਵੱਡੀਆਂ ਅਮਰੀਕਨ ਸੁੰਡੀਆਂ | |
| **ੳ) ਨੈਚਰਾਲਾਈਟ** | |
| ਟਰੇਸਟ 48 ਐਸ ਸੀ (ਸਪਾਈਨੋਸੈਡ) | 60 ਮਿਲੀਲਿਟਰ |
| **ਅ) ਆਕਸਾਡਾਇਆਜੀਨ** | |
| ਅਵਾਂਟ 15 ਐਸ ਸੀ/ਅਵਾਂਟ 15 ਈ ਸੀ (ਇੰਡੌਕਸਾਕਾਰਬ) | 200 ਮਿਲੀਲਿਟਰ |
| **ੲ) ਵੁਟਕਲ ਗਰੁੱਪ** | |
| ਸੂਮੀਪਲੀਓ 10 ਈ ਸੀ (ਪਾਇਰੀਡਿਲਾਇਲ) | 300 ਮਿਲੀਲਿਟਰ |
| ਕੋਰਾਜ਼ਨ 18.5 ਐਸ ਸੀ(ਕਲੋਰਐਂਟਰਾਨਿਲੀਪਰੋਲ) | 60 ਮਿਲੀਲਿਟਰ |
| **ਸ) ਆਰਗੈਨੋਫਾਸਫੇਟਸ** | |
| ਔਰਥੀਨ/ਆਸਾਟਾਫ/ਸਟਾਰਥੀਨ/ਮਾਰਕਫੇਟ 75 ਐਸ ਪੀ (ਐਸੀਫੇਟ) | 800 ਗ੍ਰਾਮ |
| **ਤੰਬਾਕੂ ਦੀਆਂ ਸੁੰਡੀਆਂ** | |
| **ੳ) ਇਨਸੈਕਟ ਗਰੋਥ ਰਗੂਲੇਟਰ** | |
| ਰੀਮੋਨ 10 ਈ ਸੀ (ਨੋਵਾਲਿਓਰਾਨ) | 150 ਮਿਲੀਲਿਟਰ |
| **ਅ) ਵੁਟਕਲ** | |
| ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) | 60 ਮਿਲੀਲਿਟਰ |

**ਸਬਜ਼ੀਆਂ**

**ਫੁੱਲ ਗੋਭੀ** : ਇਕ ਏਕੜ ਦੀ ਕਾਸ਼ਤ ਵਾਸਤੇ ਮੱਧ ਮੌਸਮੀ ਗੋਭੀ ਦਾ ਇਕ ਮਰਲੇ ਵਿਚ 250 ਗ੍ਰਾਮ ਬੀਜ ਬੀਜੋ। ਪਨੀਰੀ ਵਾਲੇ ਖੇਤ ਵਿਚ ਹਰ ਰੋਜ਼ ਫੁਹਾਰੇ ਨਾਲ ਪਾਣੀ ਦਿਓ। ਬਿਜਾਈ ਤੋਂ ਪਹਿਲਾਂ 3 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਕੈਪਟਾਨ ਨਾਲ ਸੋਧ ਲਓ।

**ਜੜ੍ਹਦਾਰ ਸਬਜ਼ੀਆਂ** : ਇਸ ਮਹੀਨੇ ਦੇ ਅਖੀਰ ਤੇ ਮੂਲੀ ਦੀ ਕਿਸਮ ਪੂਸਾ ਚੇਤਕੀ ਅਤੇ ਗਾਜਰ (ਪੀ ਸੀ-161, ਪੰਜਾਬ ਜਾਮੁਨੀ, ਪੰਜਾਬ ਰੌਸ਼ਨੀ, ਪੰਜਾਬ ਬਲੈਕ ਬਿਊਟੀ) ਅਤੇ ਸ਼ਲਗਮ (ਐਲ-1) ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਓ। ਬੀਜਣ ਤੋਂ ਪਹਿਲਾਂ 15 ਟਨ ਰੂੜੀ, 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ, ਪ੍ਰਤੀ ਏਕੜ ਦੇ ਹਿਸਾਬ ਪਾਓ। 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਗਾਜਰ ਨੂੰ ਹੀ ਪਾਓ। 45 ਸੈ. ਮੀ. ਦੀ ਦੂਰੀ ਤੇ ਵੱਟਾਂ ਬਣਾ ਲਓ ਅਤੇ ਚੰਗੇ ਵੱਤਰ ਵਿਚ ਇਨ੍ਹਾਂ ਤੇ ਬੀਜ ਲਗਾਓ। ਇਸ ਤੋਂ ਪਿਛੋਂ ਹਫਤੇ ਵਿਚ ਦੋ ਵਾਰ ਪਾਣੀ ਦਿੰਦੇ ਰਹੋ। ਮੂਲੀ ਅਤੇ ਗਾਜਰ ਦਾ 4-5 ਕਿਲੋ ਅਤੇ ਸ਼ਲਗਮ ਦਾ 2 ਕਿਲੋ ਪ੍ਰਤੀ ਏਕੜ ਬੀਜ ਵਰਤੋ।

**ਮਿਰਚਾਂ** : ਹਰੀਆਂ ਮਿਰਚਾਂ ਸਲਾਦ ਅਤੇ ਆਚਾਰ ਲਈ ਤੋੜਨੀਆਂ ਹਨ ਤਾਂ ਉਹ ਵੀ ਤੋੜ ਲਓ। ਫਲ ਦੇ ਗਾਲੇ ਦੀ ਰੋਕਥਾਮ ਲਈ ਫਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45, ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਮਿਲਾ ਕੇ ਦਸ ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਬੈਂਗਣ ਅਤੇ ਭਿੰਡੀ** : ਬੈਂਗਣਾਂ ਦੇ ਫਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਸੀ ਜਾਂ 100 ਮਿ.ਲਿ. ਸੁਮੀਸੀਡੀਨ 20 ਈ ਸੀ ਜਾਂ 200 ਮਿਲੀਲਿਟਰ ਰਿਪਕਾਰਡ 10



ਈ ਸੀ ਨੂੰ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਅਨੁਸਾਰ 3-4 ਛਿੜਕਾਅ 14 ਦਿਨਾਂ ਦੇ ਵਕਫੇ ਨਾਲ ਕੀਟਨਾਸ਼ਕ ਅਦਲ-ਬਦਲ ਕੇ ਕਰੋ। ਬੈਂਗਣ ਦੀ ਜੂੰ ਲਈ 300 ਮਿ.ਲਿ. ਓਮਾਈਟ 57 ਈ ਸੀ ਨੂੰ 100-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਭਿੰਡੀ ਦੇ ਤੇਲੇ ਲਈ 80 ਮਿ.ਲਿ ਈਕੋਟਿਨ 5% ਜਾਂ 2 ਲਿਟਰ ਪੀ ਏ ਯੂ ਨਿੰਮ ਦਾ ਘੋਲ ਜਾਂ 40 ਮਿ.ਲਿ. ਕੋਨਫੀਡੋਰ 17.8 ਐਸ ਐਲ ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਫਲ ਦਾ ਗੜੂੰਏ ਲਈ ਫੁੱਲ ਸ਼ੁਰੂ ਹੋਣ ਤਾਂ ਹਰ ਦੋ ਹਫਤਿਆਂ ਮਗਰੋਂ ਤਿੰਨ ਵਾਰ ਛਿੜਕੋ। ਛਿੜਕਾਅ ਲਈ 50 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 200 ਮਿ.ਲਿ. ਸੂਮੀ ਪਲੀਓ 10 ਈ ਸੀ ਜਾਂ 70 ਗ੍ਰਾਮ ਪਰੋਕਲੇਮ ਐਸ ਜੀ ਜਾਂ 100 ਮਿ.ਲਿ. ਸੁਮੀਸੀਡੀਨ 20 ਈ ਸੀ ਦੀ ਵਰਤੋਂ ਕਰੋ।

**ਗੰਢੇ** : ਇਸ ਮਹੀਨੇ ਦੇ ਤੀਸਰੇ ਹਫਤੇ ਤੇ ਸਾਉਣੀ ਦੀ ਫਸਲ ਦੀਆਂ ਗੰਢੀਆਂ ਜਾਂ ਪਨੀਰੀ ਰਾਹੀਂ ਬਿਜਾਈ ਸ਼ੁਰੂ ਕਰ ਦਿਓ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਓ। ਲਾਈਨਾਂ ਅਤੇ ਬੂਟੇ ਦਾ ਫਾਸਲਾ 15×7.5 ਸੈਂਟੀਮੀਟਰ ਰੱਖੋ।

ਚੱਲਦਾ

# ਸਾਉਣੀ ਦੇ ਪਿਆਜ਼ ਦੀ ਲਾਹੇਵੰਦ ਕਾਸ਼ਤ

**ਸਾਉਣੀ ਦੇ ਪਿਆਜ਼ ਦੀ ਚੰਗੇਰੀ ਪੈਦਾਵਾਰ ਲੈਣ ਲਈ ਛੋਟੇ ਦਿਨਾਂ (10-11 ਘੰਟੇ) ਦੀ ਲੋੜ ਪੈਂਦੀ ਹੈ। ਲੰਬੇ ਸਮੇਂ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਜ਼ਿਆਦਾ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪਿਆਜ਼ ਦੀ ਖੇਤੀ ਵਾਸਤੇ ਜ਼ਮੀਨ ਜ਼ਿਆਦਾ ਮੱਲ੍ਹੜ ਵਾਲੀ, ਰੋਗ ਮੁਕਤ ਅਤੇ ਨਦੀਨਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਜ਼ਮੀਨ ਦੀ ਪੀ. ਐੱਚ. 5.8-6.8 ਹੋਣੀ ਚਾਹੀਦੀ ਹੈ।**

ਸਾਉਣੀ ਦੇ ਪਿਆਜ਼ ਦੀ ਵਧੀਆ ਫ਼ਸਲ ਲੈਣ ਲਈ ਹੇਠ ਲਿਖੇ ਨੁਕਤਿਆਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ।

**ਮੌਸਮ ਅਤੇ ਜ਼ਮੀਨ** : ਪਿਆਜ਼ ਨੂੰ ਕਈ ਮੌਸਮਾਂ 'ਚ ਪੈਦਾ ਕੀਤਾ ਜਾ ਸਕਦਾ ਹੈ ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਿਸ਼ ਇਸ ਦੇ ਲਈ ਅਨੁਕੂਲ ਨਹੀਂ ਮੰਨੇ ਜਾਂਦੇ। ਪਤਰਾਲ ਦੇ



ਵਾਧੇ ਲਈ 12.8-23 ਡਿਗਰੀ ਸੈਂਟੀਗ੍ਰੇਡ ਅਤੇ ਗੰਢੀਆਂ ਦੇ ਵਾਧੇ ਲਈ 20-25 ਡਿਗਰੀ ਸੈਂਟੀਗ੍ਰੇਡ ਵਧੀਆ ਮੰਨਿਆ ਜਾਂਦਾ ਹੈ। ਸਾਉਣੀ ਦੇ ਪਿਆਜ਼ ਦੀ ਚੰਗੇਰੀ ਪੈਦਾਵਾਰ ਲੈਣ ਲਈ ਛੋਟੇ ਦਿਨਾਂ (10-11 ਘੰਟੇ) ਦੀ ਲੋੜ ਪੈਂਦੀ ਹੈ। ਲੰਬੇ ਸਮੇਂ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਜ਼ਿਆਦਾ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪਿਆਜ਼ ਦੀ ਖੇਤੀ ਵਾਸਤੇ ਜ਼ਮੀਨ ਜ਼ਿਆਦਾ ਮੱਲ੍ਹੜ ਵਾਲੀ, ਰੋਗ ਮੁਕਤ ਅਤੇ ਨਦੀਨਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਜ਼ਮੀਨ ਦੀ ਪੀ.ਐੱਚ. 5.8-6.8 ਹੋਣੀ ਚਾਹੀਦੀ ਹੈ।

### ਸਾਉਣੀ ਦੇ ਪਿਆਜ਼ ਦੀ ਉੱਨਤ ਕਿਸਮ

**ਐਗਰੀਫੋਂਡ ਡਾਰਕ ਰੈੱਡ** : ਇਸ ਕਿਸਮ ਦੇ ਬੂਟੇ ਦਰਮਿਆਨੇ ਕੱਦ ਅਤੇ ਹਲਕੇ ਹਰੇ ਰੰਗ ਦੇ ਹੁੰਦੇ ਹਨ। ਗੰਢੇ ਇਕਸਾਰ ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ (70-80 ਗ੍ਰਾਮ) ਗੋਲ ਅਤੇ ਘੁੱਟਵੇਂ ਛਿਲਕੇ ਅਤੇ ਦਰਮਿਆਨੀ ਕੁੜੱਤਣ ਵਾਲੇ ਹੁੰਦੇ ਹਨ। ਇਸ ਦਾ ਔਸਤ ਝਾੜ 120 ਕੁਇੰਟਲ ਪ੍ਰਤੀ ਏਕੜ ਹੈ।

ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਸਾਉਣੀ ਦੇ ਮੌਸਮ ਦੌਰਾਨ ਕੇਵਲ ਉਨ੍ਹਾਂ ਕਿਸਮਾਂ ਦੀ ਚੋਣ ਕਰੋ, ਜਿਨ੍ਹਾਂ ਨੂੰ ਗੰਢੀਆਂ ਬਣਾਉਣ ਲਈ ਛੋਟੇ ਦਿਨਾਂ ਦੀ ਜ਼ਰੂਰਤ ਹੁੰਦੀ ਹੈ।

**ਕਾਸ਼ਤ ਦੇ ਢੰਗ**

**ਬਿਜਾਈ ਦਾ ਸਮਾਂ** : ਸਾਉਣੀ ਦੇ ਪਿਆਜ਼ ਦੀ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ ਅੱਧ ਜੂਨ ਹੈ।

**ਬੀਜ ਦੀ ਮਾਤਰਾ** : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 5 ਕਿਲੋ ਬੀਜ ਦੀ ਮਾਤਰਾ ਲੋੜੀਂਦੀ ਹੈ। ਬੀਜ ਦੀ ਜੰਮ ਸ਼ਕਤੀ ਨੂੰ ਧਿਆਨ 'ਚ ਰੱਖਦੇ ਹੋਏ ਬੀਜ ਭਰੋਸੇਮੰਦ ਥਾਂ ਤੋਂ ਹੀ ਲਓ।

**ਪਨੀਰੀ ਤਿਆਰ ਕਰਨਾ** : ਸਾਉਣੀ ਦੇ ਪਿਆਜ਼ ਦੀ ਪਨੀਰੀ ਬੀਜਣ ਦਾ ਸਭ ਤੋਂ ਢੁੱਕਵਾਂ ਸਮਾਂ ਅੱਧ ਜੂਨ ਹੈ। ਪਨੀਰੀ ਬੀਜਣ ਲਈ ਜ਼ਮੀਨ ਦੀ ਪੱਧਰ ਤੋਂ 20 ਸੈਂਟੀਮੀਟਰ ਉੱਚੀਆਂ ਅਤੇ 1 ਤੋਂ 1.5 ਮੀਟਰ ਚੌੜੀਆਂ ਕਿਆਰੀਆਂ ਬਣਾਉ। ਪਨੀਰੀ ਦੀ ਲੋੜ ਅਨੁਸਾਰ ਕਿਆਰੀਆਂ ਬਣਾਉਣੀਆਂ ਚਾਹੀਦੀਆਂ ਹਨ। ਇਕ ਏਕੜ 'ਚ ਬੀਜੀ ਪਨੀਰੀ 20 ਏਕੜ 'ਚ ਲਾਈ ਜਾ ਸਕਦੀ ਹੈ। ਪਨੀਰੀ ਵਾਲੀ ਥਾਂ ਵਿਚ 125 ਕਿਲੋ ਗਲੀ-ਸੜੀ ਰੂੜੀ ਪ੍ਰਤੀ ਮਰਲੇ (25 ਵਰਗ ਮੀਟਰ) ਦੇ ਹਿਸਾਬ ਨਾਲ ਪਾਓ। ਪਨੀਰੀ ਬੀਜਣ ਵਾਲਾ ਖੇਤ ਪੱਧਰਾ ਹੋਣਾ ਚਾਹੀਦਾ ਹੈ। ਪਨੀਰੀ ਨੂੰ ਬਿਮਾਰੀ ਨਾ ਲੱਗੇ, ਇਸ ਲਈ ਇੱਕੋ ਥਾਂ 'ਤੇ ਪਨੀਰੀ ਵਾਰ-ਵਾਰ ਨਹੀਂ ਬੀਜਣੀ ਚਾਹੀਦੀ। ਬੀਜਾਈ ਤੋਂ ਪਹਿਲਾਂ ਬੀਜ ਨੂੰ ਬੀਜ ਨੂੰ 3 ਗ੍ਰਾਮ ਥੀਰਮ ਜਾਂ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਬੀਜ ਨੂੰ ਕਤਾਰਾਂ 'ਚ ਇਕਸਾਰ ਅਤੇ ਵਿਰਲਾ ਬੀਜਣਾ ਚਾਹੀਦਾ ਹੈ ਤਾਂ ਕਿ ਸਿਹਤਮੰਦ ਤੇ ਮੋਟੀ ਪਨੀਰੀ ਤਿਆਰ ਕੀਤੀ ਜਾ ਸਕੇ।

ਬੀਜ ਬੀਜਣ ਤੋਂ ਬਾਅਦ ਕਤਾਰਾਂ ਨੂੰ ਗਲੀ-ਸੜੀ ਰੂੜੀ ਦੀ ਹਲਕੀ ਜਿਹੀ ਤਹਿ ਨਾਲ ਢੱਕ ਦਿਓ। ਬਿਜਾਈ ਚੰਗੀ ਵੱਤਰ 'ਚ ਕਰੋ। ਪਹਿਲੀ ਸਿੰਚਾਈ ਬਿਜਾਈ ਦੇ ਤੁਰੰਤ ਪਿੱਛੋਂ ਫੁਆਰੇ ਨਾਲ ਕਰੋ। ਪਨੀਰੀ ਦੀਆਂ ਕਿਆਰੀਆਂ ਨੂੰ ਦਿਨ 'ਚ ਸਵੇਰੇ ਅਤੇ ਸ਼ਾਮ ਦੋ ਵਾਰ ਪਾਣੀ ਦਿਓ। ਗਰਮੀ ਦੇ ਪ੍ਰਕੋਪ ਤੋਂ ਬਚਾਅ ਲਈ ਪਨੀਰੀ ਉਸ ਥਾਂ ਬੀਜੋ, ਜਿੱਥੇ ਸਿੱਧੀ ਧੁੱਪ ਨਾ ਪੈਂਦੀ ਹੋਵੇ। ਦੁਪਹਿਰ ਵੇਲੇ ਵਧੇਰੇ ਤਾਪਮਾਨ ਤੋਂ ਬਚਾਅ ਲਈ ਕਿਆਰੀਆਂ ਨੂੰ ਢਕ ਦਿਓ। ਡੇਢ ਮੀਟਰ ਚੌੜੀਆਂ ਕਿਆਰੀਆਂ ਨੂੰ ਢਕਣ ਲਈ ਘਾਹ-ਫੂਸ ਜਾਂ ਕਿਸੇ ਦੂਸਰੀ ਫਸਲ ਦੇ ਪੱਤਿਆਂ-ਤਣਿਆਂ ਆਦਿ ਤੋਂ ਤਿਆਰ ਛੱਪਰੀਆਂ ਬਣਾ ਕੇ 1.5 ਮੀਟਰ ਦੀ ਉਚਾਈ ਤੇ ਉੱਤਰ-ਦੱਖਣ ਦਿਸ਼ਾ 'ਚ ਵਰਤੋ। ਇਹ ਛੱਪਰੀਆਂ ਇਕ ਮਹੀਨੇ ਬਾਅਦ ਜਦੋਂ ਬੂਟੇ ਮਜ਼ਬੂਤ ਹੋ ਜਾਣ ਤਾਂ ਉਤਾਰ ਦੇਣੀਆਂ ਚਾਹੀਦੀਆਂ ਹਨ।

**ਪਨੀਰੀ ਪੁੱਟ ਕੇ ਖੇਤ 'ਚ ਲਾਉਣਾ** : 6 ਤੋਂ 8 ਹਫਤਿਆਂ ਪਿੱਛੋਂ ਪਨੀਰੀ ਤਿਆਰ ਹੋ ਜਾਂਦੀ ਹੈ, ਜੋ ਕਿ ਅਗਸਤ ਦੇ ਪਹਿਲੇ ਹਫਤੇ 'ਚ ਪੁੱਟ ਕੇ ਖੇਤ ਵਿਚ ਲਾ ਦੇਣੀ ਚਾਹੀਦੀ ਹੈ। ਚੰਗਾ ਝਾੜ ਲੈਣ ਲਈ ਨਰੋਈ ਪਨੀਰੀ ਨੂੰ ਕਤਾਰਾਂ ਵਿਚ 15 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦੀ ਦੂਰੀ ਤੇ ਲਗਾਓ। ਪਨੀਰੀ ਹਮੇਸ਼ਾ ਸ਼ਾਮ ਵੇਲੇ ਖੇਤ ਵਿਚ ਲਾਉ ਅਤੇ ਤੁਰੰਤ ਪਿੱਛੋਂ ਪਾਣੀ ਦਿਓ। ਬਾਅਦ ਵਿਚ ਪਾਣੀ ਲੋੜ ਅਨੁਸਾਰ ਲਾਉਂਦੇ ਰਹੋ। ਜੂਨ ਦੇ ਅਖੀਰ 'ਚ 1.5-2.5 ਸੈਂਮੀ. ਘੇਰੇ ਵਾਲੀਆਂ ਗੰਢੀਆਂ(ਬਿਜਾਈ ਮਾਰਚ ਦੇ ਅੱਧ 'ਚ) ਨੂੰ ਪੁੱਟ ਕੇ ਹਵਾਦਾਰ ਥਾਂ 'ਤੇ ਸੰਭਾਲ ਲਓ ਅਤੇ ਅਗਸਤ ਦੇ ਅੱਧ 'ਚ ਖੇਤ 'ਚ ਲਗਾਓ। ਇਨ੍ਹਾਂ ਨੂੰ ਬੈੱਡ ਉੱਪਰ ਲਾਉਣ ਨਾਲ ਆਕਾਰ 'ਚ ਸੁਧਾਰ ਹੁੰਦਾ ਹੈ। ਬੈੱਡ ਦਾ ਆਧਾਰ 60 ਸੈਮੀ. ਅਤੇ ਉਚਾਈ 10 ਸੈਂ. ਮੀ. ਹੋਣੀ ਚਾਹੀਦੀ ਹੈ। ਇਹ ਸਿਫਾਰਸ਼ ਪਾਣੀ ਦੇ ਘੱਟ ਨਿਕਾਸ ਵਾਲੀਆਂ ਭਾਰੀਆਂ ਜ਼ਮੀਨਾਂ ਲਈ ਢੁੱਕਵੀਂ ਹੈ।

**ਖਾਦਾਂ** : 20 ਟਨ ਗਲੀ-ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪਨੀਰੀ ਲਾਉਣ ਤੋਂ ਪਹਿਲਾਂ ਅਤੇ ਬਾਕੀ ਦੀ ਅੱਧੀ ਨਾਈਟ੍ਰੋਜਨ ਪੌਦੇ ਲਾਉਣ ਤੋਂ ਚਾਰ ਹਫਤੇ ਬਾਅਦ ਛੱਟੇ ਨਾਲ ਪਾਓ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਪਨੀਰੀ ਲਾਉਣ ਤੋਂ ਤਿੰਨ ਹਫਤੇ ਪਿੱਛੋਂ ਕਰੋ। ਬਾਕੀ ਗੋਡੀਆਂ 15 ਦਿਨ ਦੇ ਵਕਫੇ ਤੇ ਕਰਦੇ ਰਹੋ। ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਗੰਢਿਆਂ ਦੀ ਪਨੀਰੀ ਲਾਉਣ ਤੋਂ ਅੰਦਰ-ਅੰਦਰ ਕਰੋ ਅਤੇ ਲੋੜ ਪੈਣ ਤੇ 60 ਦਿਨਾਂ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਪੁਟਾਈ** : ਫਸਲ ਨਵੰਬਰ ਦੇ ਅਖੀਰ ਜਾਂ ਦਸੰਬਰ ਦੇ ਪਹਿਲੇ ਹਫਤੇ ਤੱਕ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਸਾਉਣੀ ਰੁੱਤ ਦੀ ਫਸਲ ਨੂੰ ਹਰੇ ਪਿਆਜ਼ ਦੇ ਤੌਰ 'ਤੇ ਵੇਚਿਆ ਜਾ ਸਕਦਾ ਹੈ। ਪਿਆਜ਼ਾਂ ਦੀ ਸੰਭਾਲ ਸ਼ਕਤੀ ਵਧਾਉਣ ਲਈ ਪੁਟਾਈ ਕੀਤੀ ਫਸਲ ਨੂੰ ਭੂਕਾਂ ਸਮੇਤ ਸਟੋਰ ਕਰੋ, ਮੰਡੀਕਰਨ ਸਮੇਂ ਭੂਕਾਂ ਵੱਢ ਦੇਣੀਆਂ ਚਾਹੀਦੀਆਂ ਹਨ।

**ਸੰਜੀਵ ਅਹੂਜਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**



## ਮੌਨਸੂਨ ਵਿਚ ਜ਼ਿਆਦਾ ਜ਼ਰੂਰੀ ਹੁੰਦੀ ਹੈ 'ਕਿਚਨ ਗਾਰਡਨ' ਦੀ ਲਗਾਤਾਰ ਦੇਖਭਾਲ

ਮੌਨਸੂਨ 'ਚ ਸਾਨੂੰ ਬੂਟਿਆਂ ਨੂੰ ਪਾਣੀ ਖਣਿਜ ਵੀ ਹੁੰਦੇ ਹਨ। ਵਾਤਾਵਰਨ ਵੀ ਕੁਦਰਤ ਦੇ ਅਨੁਸਾਰ ਹੁੰਦਾ ਹੈ, ਉਹ ਜ਼ਿਆਦਾ ਸਾਫ ਸੁਥਰੇ ਅਤੇ ਚਮਕੀਲੇ ਦਿਸਦੇ ਹਨ। ਪਰ ਏਨੇ ਨਾਲ ਸਾਨੂੰ ਆਪਣੀ ਬਗੀਚੀ ਦੀ ਦੇਖਭਾਲ ਦੀ ਘੱਟ ਜ਼ਰੂਰਤ ਹੁੰਦੀ ਹੈ। ਸੱਚਾਈ ਦਾ ਇਹ ਹੈ ਕਿ ਮੌਨਸੂਨ ਦੇ ਦਿਨਾਂ ਵਿਚ ਸਾਨੂੰ ਬਾਕੀ ਮੌਸਮਾਂ ਦੇ ਮੁਕਾਬਲੇ ਆਪਣੀ ਬਗੀਚੀ ਦਾ ਜ਼ਿਆਦਾ ਅਤੇ ਲਗਾਤਾਰ ਧਿਆਨ ਰੱਖਣਾ ਪੈਂਦਾ ਹੈ ਤਾਂ ਹੀ ਸਾਡੀ ਬਗੀਚੀ ਨੂੰ ਕੁਦਰਤ ਦੀ ਸੰਜੀਵਨੀ ਵਰਗੀ ਬਾਰਿਸ਼ ਦਾ ਭਰਪੂਰ ਲਾਭ ਮਿਲਦਾ ਹੈ।

ਦਰਅਸਲ ਬਾਰਿਸ਼ ਦੇ ਮੌਸਮ ਵਿਚ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਪਹਿਲੀ ਤਾਂ ਇਹ ਕਿ ਬਾਰਿਸ਼ ਦੇ ਮੌਸਮ ਵਿਚ ਸਿਰਫ ਸਾਡੀ ਬਗੀਚੀ ਦੇ ਬੂਟਿਆਂ ਦਾ ਚੰਗਾ ਵਾਧਾ ਹੀ ਨਹੀਂ ਹੁੰਦਾ ਸਗੋਂ ਆਲੇ-ਦੁਆਲੇ ਉੱਗ ਆਇਆ ਘਾਹ-ਫੂਸ ਵੀ ਤੇਜ਼ੀ ਨਾਲ ਵਧਦਾ ਹੈ, ਕਿਉਂਕਿ ਉਨ੍ਹਾਂ ਨੂੰ ਵੀ ਕੁਦਰਤ ਦਾ ਪਾਣੀ ਅਤੇ ਮੌਨਸੂਨ ਅਨੁਸਾਰ ਵਾਤਾਵਰਨ ਮਿਲਦਾ ਹੈ। ਇਸ ਲਈ ਮੌਨਸੂਨ ਦੇ ਦਿਨਾਂ ਵਿਚ ਹਰ ਹਫਤੇ ਲਗਾਤਾਰ ਰੂਪ ਵਿਚ ਸਗੋਂ ਕਦੀ-ਕਦੀ ਤਾਂ ਹਫਤੇ ਵਿਚ ਦੋ ਵਾਰ ਬੂਟਿਆਂ ਦੇ ਆਲੇ-ਦੁਆਲੇ ਉੱਗ ਆਏ ਘਾਹ-ਫੂਸ ਨੂੰ ਕੱਢਣਾ ਜ਼ਰੂਰੀ ਹੋ ਜਾਂਦਾ ਹੈ ਨਹੀਂ ਤਾਂ ਮਿੱਟੀ ਦੀ ਜੋ ਤਾਕਤ ਬੂਟੇ ਨੂੰ ਮਿਲਣੀ ਹੈ, ਉਸ ਵਿਚੋਂ ਕਾਫੀ ਕੁਝ ਇਹ ਘਾਸ-ਫੂਸ ਵੀ ਸਾਂਝਾ ਕਰ ਲੈਂਦਾ ਹੈ। ਜੇਕਰ ਤੁਹਾਡੇ ਬੂਟੇ ਗਮਲੇ ਵਿਚ ਹਨ ਤਾਂ ਧਿਆਨ ਦਿਓ। ਜੇਕਰ ਰਾਤ ਨੂੰ ਤੇਜ਼ ਬਾਰਿਸ਼ ਹੋਈ ਹੈ ਅਤੇ ਤੁਹਾਡੇ ਗਮਲੇ ਪਾਣੀ ਨਾਲ ਭਰ ਗਏ ਹਨ ਤਾਂ ਸਵੇਰ ਹੁੰਦਿਆਂ ਹੀ ਉਸ ਪਾਣੀ ਨੂੰ ਹਰ ਹਾਲ ਵਿਚ ਬੂਟਿਆਂ ਤੋਂ ਕੱਢ ਦਿਓ। ਇਹੀ ਗੱਲ ਜ਼ਮੀਨ ਦੀ ਬਗੀਚੀ ਵਿਚ ਵੀ ਕਰਨੀ ਜ਼ਰੂਰੀ ਹੁੰਦੀ ਹੈ। ਮੌਨਸੂਨ ਦੀ ਬਾਰਿਸ਼ ਦਾ ਪਾਣੀ ਚਾਹੇ ਜਿੰਨਾ ਮਰਜ਼ੀ ਲਾਭਕਾਰੀ ਹੋਵੇ, ਪਰ ਜੇਕਰ ਉਸ ਦੀ ਜ਼ਰੂਰਤ ਨਹੀਂ ਹੈ ਅਤੇ ਉਹ ਬੂਟੇ ਦੇ ਆਲੇ-ਦੁਆਲੇ ਜਮ੍ਹਾ ਹੈ ਤਾਂ ਉਸ ਨਾਲ ਬੂਟਾ ਵਿਕਸਤ ਨਹੀਂ ਹੋਵੇਗਾ ਸਗੋਂ ਮੁਰਝਾਏਗਾ ਹੀ। ਇਸ ਲਈ ਮੌਨਸੂਨ ਦੇ ਦਿਨਾਂ ਵਿਚ ਤੁਹਾਨੂੰ ਵਿਚ ਜਮ੍ਹਾਂ ਨਾ



ਰਹੇ। ਕਈ ਵਾਰ ਬਾਰਿਸ਼ ਦੇ ਦਿਨਾਂ ਵਿਚ ਅਚਾਨਕ ਇਕ-ਇਕ ਹਫਤੇ ਤੱਕ ਬਾਰਿਸ਼ ਦਾ ਨਾਮੋਨਿਸ਼ਾਨ ਨਹੀਂ ਹੁੰਦਾ ਅਤੇ ਦਿਨ ਵਿਚ ਬੇਹੱਦ ਤਿੱਖੀ ਧੁੱਪ ਹੁੰਦੀ ਹੈ। ਇਸ ਤਰ੍ਹਾਂ ਬੂਟਿਆਂ ਨੂੰ ਇਸ ਮੌਨਸੂਨ ਦੇ ਇਸ ਮੌਸਮ ਵਿਚ ਲਗਾਤਾਰ ਦੇਖਭਾਲ ਕਰਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ। ਹਾਂ, ਜਦੋਂ ਬਾਰਿਸ਼ ਹੋ ਜਾਵੇ ਤਾਂ ਪਾਣੀ ਬੰਦ ਕਰ ਦਿਓ। ਬਾਰਿਸ਼ ਦੇ ਮੌਸਮ ਵਿਚ ਬੂਟਿਆਂ ਵਿਚ ਬਹੁਤ ਸਾਰੀਆਂ ਪੱਤੀਆਂ ਉੱਗ ਆਉਂਦੀਆਂ ਹਨ ਅਤੇ ਉਨ੍ਹਾਂ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਹੈ, ਪਰ ਜੇਕਰ ਬੂਟਿਆਂ ਵਿਚ ਇਹ ਸਾਰੀਆਂ ਪੱਤੀਆਂ ਬਣੀਆਂ ਰਹਿੰਦੀਆਂ ਹਨ ਤਾਂ ਇਸ ਨਾਲ ਬੂਟਿਆਂ ਨੂੰ ਫਾਇਦਾ ਘੱਟ, ਨੁਕਸਾਨ ਜ਼ਿਆਦਾ ਹੁੰਦਾ ਹੈ। ਇਸ ਲਈ ਬੂਟਿਆਂ ਨੂੰ ਘੱਟ ਤੋਂ ਘੱਟ ਉਨ੍ਹਾਂ ਦੇ ਹੇਠਲੇ ਹਿੱਸੇ ਦੀ ਪੱਕ ਚੁੱਕੀਆਂ ਪੱਤੀਆਂ ਨੂੰ ਇਨ੍ਹੀਂ ਦਿਨੀਂ ਕੱਢ ਦੇਣਾ ਚਾਹੀਦਾ ਹੈ ਅਤੇ ਬੂਟਿਆਂ ਦੀ ਕਟਾਈ ਵੀ ਕਰਦੇ ਰਹੋਗੇ ਤਾਂ ਉਹ ਚੰਗੀ ਤਰ੍ਹਾਂ ਵਿਕਸਤ ਹੋਣਗੇ। ਕੁਲ ਮਿਲਾ ਕੇ ਦੇਖੀਏ ਤਾਂ ਮੌਨਸੂਨ ਦੇ ਮੌਸਮ ਵਿਚ ਬਾਕੀ ਕਿਸੇ ਵੀ ਮੌਸਮ ਨਾਲੋਂ ਕਿਸੇ ਜ਼ਿਆਦਾ ਬੂਟਿਆਂ ਦੀ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ।

**ਅਨੂ ਆਰ.**

# ਮੁਫਤ ਸਹੂਲਤਾਂ ਅਤੇ ਪੰਜਾਬ ਦਾ ਅਰਥਚਾਰਾ

**ਡਾ. ਕੇਸਰ ਸਿੰਘ ਭੰਗੂ, ਸਾਬਕਾ ਡੀਨ ਤੇ ਪ੍ਰੋਫੈਸਰ,**
**ਪੰਜਾਬੀ ਯੂਨੀਵਰਸਿਟੀ ਪਟਿਆਲਾ** (ਮੋ. 98154-27127)

ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨ ਹਿੱਤ ਵੱਖ ਵੱਖ ਵਰਗਾ ਨੂੰ ਮੁਫਤ ਬਿਜਲੀ ਸਹੂਲਤਾਂ ਜਾਂ ਘੱਟ ਰੇਟ 'ਤੇ ਬਿਜਲੀ ਸਬਸਿਡੀ ਦੀਆਂ ਸਹੂਲਤਾਂ ਦਿੱਤੀਆਂ ਹਨ। ਸੂਬੇ ਦੇ ਵੱਡੇ ਵੋਟ ਬੈਂਕ, ਕਿਸਾਨਾਂ ਨੂੰ 1996 ਵਿਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖਿਰੀ ਮਹੀਨਿਆਂ ਵਿਚ ਛੋਟੀ ਕਿਸਾਨੀ ਨੂੰ ਟਿਊਬਵੈੱਲਾਂ ਲਈ ਮੁਫਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ 'ਤੇ ਬਿਜਲੀ ਦਿੱਤੀ ਸੀ। 1997 ਵਿਚ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਸਾਰੇ ਕਿਸਾਨਾਂ ਲਈ ਟਿਊਬਵੈਲਾਂ ਲਈ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿਚ ਕਾਂਗਰਸ ਸਰਕਾਰ ਆਉਣ 'ਤੇ 2003 ਵਿਚ ਇਹ ਸਹੂਲਤ ਬੰਦ ਕਰ ਦਿੱਤੀ ਗਈ ਪਰ 2006 ਵਿਚ ਇਹ ਮੁੜ ਲਾਗੂ ਕਰ ਦਿੱਤੀ।



2007 ਵਿਚ ਇਕ ਵਾਰ ਫਿਰ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਇਹ ਸਹੂਲਤ ਬਰਕਰਾਰ ਰੱਖੀ ਗਈ ਅਤੇ ਨਾਲ ਹੀ ਹੋਰ ਵਰਗਾਂ ਜਿਵੇਂ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ।

2017 ਵਿਚ ਕਾਂਗਰਸ ਸਰਕਾਰ ਬਣਨ 'ਤੇ ਇਹ ਸਾਰੀਆਂ ਸਹੂਲਤਾਂ ਜਾਹੀ ਰੱਖੀਆਂ ਗਈਆਂ। 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਨਹੀਂ ਰੱਖੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿਚ 300 ਯੂਨਿਟਾਂ ਮੁਫ ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ। ਅੱਜ ਕੱਲ੍ਹ ਸੂਬੇ ਵਿਚ ਲੱਗਭਗ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ : ਖੇਤੀ ਖੇਤਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਮਧਿਅਮ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ। ਇਹਨਾਂ ਸਬਸਿਡੀਆਂ ਉੱਤੇ ਸਰਕਾਰ ਤਕਰੀਬਨ 20-21,000 ਕਰੋੜ ਰੁਪਏ ਸਾਲਾਨਾ ਖਰਚ ਰਹੀ ਹੈ। ਇਹ ਸਰਕਾਰ ਦੀ ਸਾਲਾਨਾ ਆਮਦਨ ਦਾ 18-19 ਪ੍ਰਤੀਸ਼ਤ ਬਣਦਾ ਹੈ।

**ਬਿਜਲੀ ਸਬਸਿਡੀਆਂ ਅਤੇ ਚੋਣਾਂ**

ਕਿਹਾ ਜਾਂਦਾ ਹੈ ਕਿ ਇਹ ਮੁਫਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਦਿੰਦੀਆਂ ਹਨ। ਉਂਝ, ਇਹ ਸਬਸਿਡੀਆਂ ਸ਼ੁਰੂ ਕਰਨ ਵਾਲੀ ਕਾਂਗਰਸ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ ਪਰ ਉਹ ਵੀ 2002 ਵਾਲੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਥੋੜ੍ਹੇ ਸਮੇਂ ਲਈ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਖਤਮ ਕੀਤੀਆਂ ਪਰ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤੀਆਂ ਪਰ ਉਹ ਵੀ 2007 ਵਿਚ ਵਿਧਾਨ ਸਭਾ ਚੋਣਾਂ ਹਾਰ ਗਈ। 2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਪਰ ਉਹ ਵੀ 2022 ਦੀਆਂ ਚੋਣਾਂ ਹਾਰ ਗਈ। 2022 ਵਿਚ ਬਣੀ ਮੌਜੂਦਾ ਸਰਕਾਰ ਨੇ ਸੂਬੇ ਵਿਚ 300 ਯੂਨਿਟਾਂ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫਤ ਕਰ ਦਿੱਤੀ ਤੇ ਹੁਣੇ ਆਏ ਲੋਕ ਸਭਾ ਚੋਣ ਨਤੀਜੇ ਸਭ ਦੇ ਸਾਹਮਣੇ ਹਨ। ਇਸ ਤੋਂ ਇਕ ਗੱਲ ਕਾਫੀ ਹੱਦ ਤੱਕ ਸਪੱਸ਼ਟ ਹੁੰਦੀ ਹੈ ਮੁਫਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ-ਸਿੱਧਾ ਸਬੰਧ ਨਹੀਂ ਲੱਗਦਾ।

**ਬਿਜਲੀ ਸਬਸਿਡੀਆਂ ਅਤੇ ਧਰਤੀ ਹੇਠਲਾ ਪਾਣੀ**

ਸੂਬੇ ਦੇ ਬਹੁਤੇ ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਘਟ ਕੇ ਖਤਰਨਾਕ ਪੱਧਰ ਤੱਕ ਨੀਵਾਂ ਹੋ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਸੂਬਾ ਬਹੁਤ ਜਲਦੀ ਧਰਤੀ ਹੇਠਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ ਅਤੇ ਰੇਗਸਤਾਨ ਵਿਚ ਬਦਲ ਸਕਦਾ ਹੈ। ਸੂਬੇ ਵਿਚ 1980 ਤੋਂ ਬਾਅਦ ਝੋਨੇ ਦੀ ਖੇਤੀ ਵੱਡੇ ਪੱਧਰ ਤੇ ਸ਼ੁਰੂ ਹੋ ਗਈ ਸੀ ਅਤੇ ਅੱਜ ਬਹੁਤ ਵੱਡਾ ਰਕਬਾ ਝੋਨੇ ਦੀ ਖੇਤੀ ਹੇਠ ਹੈ। ਇਸ ਫਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ ਅਤੇ ਅੱਜ ਕੱਲ੍ਹ ਨਹਿਰੀ ਪਾਣੀ ਦੇ ਨਾਲ-ਨਾਲ 14-15 ਲੱਖ ਬਿਜਲੀ ਆਧਾਰਿਤ ਟਿਊਬਵੈਲਾਂ ਨਾਲ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਫਸਲੀ ਚੱਕਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ। ਇਸੇ ਕਾਰਨ ਕਿਸਾਨਾਂ ਨੂੰ ਸਮੇਂ-ਸਮੇਂ ਟਿਊਬਵੈਲ ਡੂੰਘੇ ਕਰਨੇ ਪੈ ਰਹੇ ਹਨ ਅਤੇ ਮੋਟਰਾਂ ਦਾ ਲੋਡ ਦਾ ਵਧਾਉਣਾ ਪੈ ਰਿਹਾ ਹੈ। ਇਸ ਨਾਲ ਬਿਜਲੀ ਦੀ ਖਪਤ ਵਧਦੀ ਹੈ। ਝੋਨੇ ਨੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਹੀ ਸੰਕਟ ਖੜ੍ਹਾ ਕੀਤਾ ਹੈ ਸਗੋਂ ਪੰਜਾਬ ਦਾ ਜਲਵਾਯੂ ਵੀ ਗੰਧਲਾ ਤੇ ਪਲੀਤ ਕੀਤਾ ਹੈ। ਖੇਤੀ ਤੇ ਆਰਥਿਕ ਮਾਹਿਰਾਂ ਅਤੇ ਹੋਰ ਸਬੰਧਿਤ ਲੋਕਾਂ ਦਾ ਵੱਡਾ ਖੇਮਾ ਪਿਛਲੇ ਸਮੇਂ ਤੋਂ ਦੁਹਾਈ ਪਾ ਰਿਹਾ ਹੈ ਕਿ ਸੂਬੇ ਵਿਚ ਝੋਨੇ ਦੀ ਫਸਲ ਦਾ ਬਦਲ ਲੱਭਿਆ ਜਾਵੇ ਪਰ ਅਜੇ ਤੱਕ ਕਾਮਯਾਬੀ ਨਹੀਂ ਮਿਲ ਸਕੀ। ਬਹੁਤੇ ਮਾਹਿਰ ਖੇਤੀ ਲਈ ਮੁਫਤ ਬਿਜਲੀ ਦੀ ਸਪਲਾਈ ਨੂੰ ਵੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਪਹੁੰਚਾਉਣ ਲਈ ਦੋਸ਼ੀ ਮੰਨਦੇ ਹਨ; ਉਨ੍ਹਾਂ ਮੁਤਾਬਕ ਕਿਸਾਨ ਮੁਫਤ ਬਿਜਲੀ ਹੋਣ ਕਾਰਨ ਬਿਨਾਂ ਲੋੜ ਜਾਂ ਲੋੜ ਤੋਂ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ। ਇਹ ਖੇਮਾ ਬਿਜਲੀ ਮੋਟਰਾਂ ਲਈ ਮੁਫਤ ਬਿਜਲੀ ਬੰਦ ਕਰਨ ਦੀ ਵਕਾਲਤ ਕਰ ਰਿਹਾ ਹੈ।

**ਬਿਜਲੀ ਸਬਸਿਡੀਆਂ ਅਤੇ ਵਿੱਤੀ ਹਾਲਤ**

ਵੱਖ-ਵੱਖ ਸਰਕਾਰਾਂ ਦੀਆਂ ਮੁਫਤ ਸਹੂਲਤਾਂ ਅਤੇ ਸਬਸਿਡੀ ਨੇ ਸੂਬੇ ਦੀ ਵਿਤੀ ਹਾਲਤ ਕਮਜ਼ੋਰ ਤੇ ਡਾਵਾਂਡੋਲ ਬਣਾ ਦਿੱਤੀ ਹੈ। 1996 ਵਿਚ ਸ਼ੁਰੂ ਕੀਤੀ ਸਹੂਲਤ ਦਾ ਸਾਲਾਨਾਂ ਖਰਚ ਲੱਗਭਗ 900 ਕਰੋੜ ਰੁਪਏ ਤੋਂ ਵੱਧ ਕੇ 2005 ਤੱਕ ਲੱਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ 43600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚੇ ਹਨ। ਅੰਦਾਜ਼ੇ ਮੁਤਾਬਿਕ 1996 ਤੋਂ 2025 ਤੱਕ ਲੱਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉੱਤੇ ਖਰਚ ਹੋ ਜਾਣਗੇ। ਜੇ ਇਸ ਖਰਚੇ ਵਿਚ ਇਸੇ ਦੌਰਾਨ ਦਿੱਤੀਆਂ ਹੋਰ ਮੁਫਤ ਸਹੂਲਤਾਂ ਅਤੇ ਸਬਸਿਡੀਆਂ ਦੇ ਖਰਚੇ ਜੋੜ ਲਈਏ ਤਾਂ ਇਹ ਰਕਮ ਕਾਫੀ ਬਣ ਜਾਵੇਗੀ।

ਮਾਰਚ 2024 ਦੇ ਅੰਤ ਵਿਚ ਸੂਬੇ ਵਿਚ 343626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਮਾਰਚ 2025 ਵਿਚ 374091.31 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ। ਜੇ ਅਗਲੇ ਕੁਝ ਸਾਲਾਂ ਵਿਚ ਇਹੀ ਹਾਲਤ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿਚ ਬਹੁਤ ਡੂੰਘਾ ਫਸ ਜਾਵੇਗਾ। ਜੇ ਮੰਨ ਲਿਆ ਜਾਵੇ ਕਿ ਮੁਫਤ ਬਿਜਲੀ ਦੀ ਸਹੂਲਤ ਅਤੇ ਸਬਸਿਡੀਆਂ ਨਾ ਦਿੱਤੀਆਂ ਹੁੰਦੀਆਂ ਅਤੇ ਹੋਰ ਮੁਫਤ ਸਹੂਲਤਾਂ ਤੇ ਸਬਸਿਡੀਆਂ ਤਰਕਸੰਗਤ ਢੰਗ ਨਾਲ ਦਿੱਤੀਆਂ ਹੁੰਦੀਆਂ ਤਾਂ ਸੂਬੇ ਸਿਰ ਕਰਜ਼ਾ ਨਾ-ਮਾਤਰ ਹੋਣਾ ਸੀ। ਜੇਕਰ ਇਹੀ ਮੋਟੀਆਂ ਰਕਮਾਂ ਅਤੇ ਕਰਜ਼ੇ ਦੇ ਵਿਆਜ ਦੇ ਰੂਪ ਵਿਚ ਅਦਾ ਕੀਤੀ ਜਾਂਦੀ ਮੋਟੀ ਰਕਮ ਸੂਬੇ ਵਿਚ ਨਿਵੇਸ਼ ਕੀਤੀ ਹੁੰਦੀ ਤਾਂ ਸੂਬੇ ਦੀ ਆਮਦਨ ਵਿਚ ਚੋਖਾ ਵਾਧਾ ਹੋਣਾ ਤੈਅ ਸੀ। ਇਸ ਹਿਸਾਬ ਨਾਲ ਪੰਜਾਬ ਅੱਜ ਕਰਜ਼ਾ ਮੁਕਤ ਹੁੰਦਾ ਅਤੇ ਇਹ ਅੱਜ ਵੀ ਆਰਥਿਕ ਵਿਕਾਸ ਅਤੇ ਮਾਪਦੰਡਾਂ ਦੇ ਮਾਮਲੇ ਵਿਚ ਦੇਸ਼ ਦਾ ਮੋਹਰੀ ਸੂਬਾ ਹੁੰਦਾ।

**ਸੰਭਾਵਨਾਵਾਂ**

ਇਹ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ। ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿਚ ਬਹੁਤੀਆਂ ਸਫਲ ਨਹੀਂ ਹੋਈਆਂ। ਮੁਫਤ ਬਿਜਲੀ ਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਇਹ ਹੋਰ ਵਿਕਾਸ ਕੰਮਾਂ ਵਿਚ ਵੀ ਅੜਿੱਕਾ ਬਣ ਰਹੀਆਂ ਹਨ। ਇਥੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੇ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਸੁਹਿਰਦ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ ਜਿਵੇਂ ਨਸ਼ੇ, ਬੇਰੁਜ਼ਗਾਰੀ, ਪਰਵਾਸ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਸੱਤਾ ਹਾਸਲ ਕਰਨ ਦੇ ਮਕਸਦ ਨੂੰ ਤਰਜੀਹ ਦੇ ਕੇ ਸੂਬੇ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ। ਇਹ ਵਰਤਾਰਾ ਬਿਨਾ ਰੋਕ ਟੋਕ ਵੀ ਜਾਰੀ ਹੈ। ਇਸ ਲਈ ਬਿਜਲੀ ਸਬਸਿਡੀਆਂ, ਮੁਫਤ ਬਿਜਲੀ ਸਹੂਲਤਾਂ ਤੇ ਸਬਸਿਡੀਆਂ ਨੂੰ ਸਾਰੀਆਂ ਸਬੰਧਿਤ ਧਿਰਾਂ ਵੱਲੋਂ ਮਿਲ ਬੈਠ ਕੇ ਤੁਰੰਤ ਬੰਦ ਕਰਨ ਜਾਂ ਤਰਕ ਸੰਗਤ ਬਣਾਉਣਾ ਚਾਹੀਦਾ ਹੈ ਤਾਂ ਕਿ ਸੂਬੇ ਨੂੰ ਹੋਰ ਨਿਘਾਰ ਅਤੇ ਨੁਕਸਾਨ ਤੋਂ ਬਚਾਇਆ ਜਾ ਸਕੇ।


ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/- ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਰੁੱਖ ਬੋਲ ਨਾ ਸਕਦੇ ਭਾਵੇਂ...

ਡਾ. ਇਕਬਾਲ ਸਿੰਘ ਸਕਰੌਦੀ,
06, ਥਲੇਸ ਬਾਗ ਕਲੋਨੀ, ਸੰਗਰੂਰ
ਮੋ. 84276-85020

ਮਨੁੱਖਾ ਜੀਵਨ ਦੇ ਇਤਿਹਾਸ ਵਿਚ ਇਕ ਅਜਿਹਾ ਸਮਾਂ ਸੀ, ਜਦੋਂ ਮਨੁੱਖ ਜੰਗਲਾਂ, ਬੇਲਿਆਂ ਪਹਾੜਾਂ ਦੀਆਂ ਕੁੰਦਰਾਂ ਗੁਫਾਵਾਂ ਅਤੇ ਰੁੱਖਾਂ ਦੇ ਆਸਰੇ ਆਪਣਾ ਜੀਵਨ ਬਸਰ ਕਰਦਾ ਸੀ । ਉਸ ਸਮੇਂ ਜੰਗਲਾਂ ਬੇਲਿਆਂ ਵਿਚ ਪਸ਼ੂਆਂ, ਜਾਨਵਰਾਂ ਸੰਗ ਰਹਿਣ ਕਾਰਨ ਉਹ ਆਪਣਾ ਪੇਟ ਫਲ, ਫੁੱਲ, ਹੋਰ ਜੰਗਲੀ ਜੜੀਆਂ-ਬੂਟੀਆਂ ਖਾ ਕੇ ਭਰਦਾ ਸੀ । ਭਾਵੇਂ ਕਾਫੀ ਲੰਮੇ ਸਮੇਂ ਬਾਅਦ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਪਹਿਲਾਂ ਕੱਚਾ ਮਾਸ ਅਤੇ ਫਿਰ ਹੌਲੀ ਹੌਲੀ ਮਾਸ ਭੁੰਨ ਕੇ ਖਾਂਦਾ ਰਿਹਾ ਹੈ । ਪਰੰਤੂ ਫੇਰ ਵੀ ਉਸ ਦੀ ਬਹੁਤੀ ਗੁਜ਼ਰ ਬਸਰ ਫਲਾਂ ਅਤੇ ਫੁੱਲਾਂ ਉੱਤੇ ਹੀ ਨਿਰਭਰ ਸੀ ।

ਰੁੱਖ, ਮਨੁੱਖ ਦੀਆਂ ਖਾਣ ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਉਸ ਨੂੰ ਅਤਿ ਦੀ ਸਰਦੀ, ਗਰਮੀਂ, ਮੀਂਹ, ਔੜਾਂ ਤੋਂ ਵੀ ਬਚਾਉਂਦੇ ਰਹੇ ਹਨ । ਇਸ ਪ੍ਰਕਾਰ ਰੁੱਖਾਂ ਦੀ ਮਨੁੱਖਾਂ ਨਾਲ ਸਾਂਝ ਬਹੁਤ ਪੁਰਾਣੇ ਸਮੇਂ ਤੋਂ ਚਲੀ ਆਉਂਦੀ ਹੈ ।

ਸ਼ਾਇਦ ਇਸੇ ਕਰਕੇ ਪੰਜਾਬ ਦੇ ਲੋਕ ਸਾਹਿਤ ਵਿਚ ਰੁੱਖ ਅਤੇ ਮਨੁੱਖ ਦੀ ਸਾਂਝ ਨੂੰ ਬਹੁਤ ਹੀ ਮੋਹ-ਮੁਹੱਬਤ, ਪਿਆਰ ਅਤੇ ਖੂਬਸੂਰਤੀ ਸਹਿਤ ਚਿੱਤਰਿਆ ਗਿਆ ਹੈ-

'ਰੁੱਖ ਬੋਲ ਨਾ ਸਕਦੇ ਭਾਵੇ,
ਬੰਦਿਆਂ ਦਾ ਦੁੱਖ ਜਾਣਦੇ ।'
'ਬਿਰਖਾਂ ਦਾ ਗੀਤ ਸੁਣ ਕੇ,
ਮੇਰੀ ਰੂਹ ਵਿਚ ਚਾਨਣ ਹੋਇਆ ।'

ਪੰਜਾਬੀ ਭਾਸ਼ਾ ਦੇ ਪਹਿਲੇ ਮਹਾਨ ਕਵੀ ਬਾਬਾ ਸ਼ੇਖ ਫਰੀਦ ਜੀ ਨੇ ਦਰਵੇਸ਼ਾਂ ਨੂੰ ਰੁੱਖਾਂ ਵਰਗੇ ਜੇਰੇ ਦੇ ਧਾਰਨੀ ਹੋਣ ਦਾ ਸੰਦੇਸ਼ ਦਿੱਤਾ ਹੈ-

'ਫਰੀਦਾ ਸਾਹਿਬ ਦੀ ਕਰ ਚਾਕਰੀ
ਦਿਲ ਦੀ ਲਾਹਿ ਭਰਾਂਦਿ ।
ਦਰਵੇਸਾਂ ਨੋ ਲੋੜੀਐ
ਰੁਖਾਂ ਦੀ ਜੀਰਾਂਦ ॥'

ਪੰਜਾਬੀ ਦੇ ਮਹਾਨ ਸ਼ਾਇਰ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਡਾ. ਸੁਰਜੀਤ ਪਾਤਰ ਦੀਆਂ ਬਹੁਤੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਵਿਚ ਰੁੱਖਾਂ, ਫੁੱਲਾਂ , ਬੂਟਿਆਂ, ਪੱਤਿਆਂ, ਟਾਹਣੀਆਂ, ਕੋਂਪਲਾਂ, ਤਣਿਆਂ, ਜੰਗਲਾਂ ਦੀ ਗੱਲ ਕੀਤੀ ਗਈ ਹੈ-

'ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ,
ਡਾਲੀ ਡਾਲੀ 'ਚੋਂ ਪੁੰਗਰੇ ਹਰਫ ਹਰੇ ।'

ਪਾਤਰ ਦੀ ਇਹ ਗਜ਼ਲ ਰੁੱਖਾਂ ਨਾਲ ਬੜੀ ਡੂੰਘੀ ਅਤੇ ਸ਼ਿੱਦਤ ਭਰੀ ਸਾਂਝ ਨੂੰ ਬਿਆਨ ਕਰਦੀ ਹੈ -

'ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣਕੇ,
ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣਕੇ ।
ਪੈੜਾਂ ਤੇਰੀਆਂ 'ਤੇ ਦੂਰ ਦੂਰ ਤੀਕ ਮੇਰੇ ਪੱਤੇ,
ਡਿੱਗੇ ਮੇਰੀਆਂ ਬਹਾਰਾਂ ਦਾ ਗੁਨਾਹ ਬਣ ਕੇ ।
ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ,
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣ ਕੇ ।
ਕਦੇ ਬੰਦਿਆਂ ਦੇ ਵਾਂਗ ਗੱਲ ਕਰਿਆ ਵੀ ਕਰ,
ਐਵੇਂ ਲੰਘ ਜਾਨੈਂ ਪਾਣੀ ਕਦੇ ਵਾ ਬਣ ਕੇ ।
ਜਦੋਂ ਮਿਲਿਆ ਸੀ ਹਾਣ ਦਾ ਸਾਂਵਰਾ ਜਿਹਾ,
ਜਦੋਂ ਜੁਦਾ ਹੋਇਆ ਤੁਰ ਗਿਆ ਖ਼ੁਦ ਬਣ ਕੇ ।'

ਰੁੱਖ ਮੁੱਢ ਤੋਂ ਹੀ ਸਾਡੇ ਪੇਂਡੂ ਜਨ ਜੀਵਨ ਦਾ ਧੁਰਾ ਬਣ ਰਹੇ ਹਨ । ਅੱਜ ਤੋਂ ਲਗਭਗ ਚਾਰ ਪੰਜ ਦਹਾਕੇ ਪਹਿਲਾਂ ਜਦੋਂ ਵੀ ਕਿਤੇ ਪਿੰਡ ਵਿਚ ਕੋਈ ਨਵਾਂ ਰਿਸ਼ਤੇਦਾਰ ਆਉਂਦਾ ਤਾਂ ਉਹ ਘਰ ਦਾ ਪਤਾ ਨਿੰਮ, ਬੋਹੜ ਅਤੇ ਪਿੱਪਲ ਦੀ ਤ੍ਰਿਵੈਣੀ ਥੱਲੇ ਬੈਠੇ ਵੱਡੇ ਬਜ਼ੁਰਗਾਂ ਤੋਂ ਹੀ ਪੁੱਛਦਾ ਹੁੰਦਾ ਸੀ । ਬਜ਼ੁਰਗ ਵੀ ਉਸ ਨੂੰ ਸੰਬੰਧਿਤ ਘਰ ਵਿਚ ਲੱਗੇ ਰੁੱਖ ਦੀ ਨਿਸ਼ਾਨੀ ਦੱਸ ਕੇ ਘਰ ਦਾ ਪਤਾ ਸਮਝਾ ਦਿੰਦੇ ਸਨ ।

ਜਦੋਂ ਵੀ ਪਿੰਡ ਵਿਚ ਕੋਈ ਫੇਰੀ ਵਾਲਾ ਆਉਂਦਾ ਸੀ ਤਾਂ ਉਹ ਵੀ ਬੋਹੜ ਪਿੱਪਲ ਦੀ ਗੂੜ੍ਹੀ ਛਾਂ ਹੇਠ ਬੈਠ ਕੇ ਆਰਾਮ ਕਰਦਾ ਸੀ, ਕਿਉਂ ਜੋ ਉਨ੍ਹਾਂ ਰੁੱਖਾਂ ਦੀ ਠੰਢੀ ਛਾਂ ਕਿਸੇ ਵੀ ਕੂਲਰ ਏਸੀ ਦੇ ਹਵਾ ਨੂੰ ਮਾਤ ਪਾਉਂਦੀ ਸੀ ।

ਘਰਾਂ ਵਿਚ ਲੱਗੇ ਨਿੰਮ ਦੇ ਰੁੱਖ ਕਿਸੇ ਦਵਾਈ ਤੋਂ ਘੱਟ ਨਹੀਂ ਸਨ । ਸਿਆਣਿਆਂ ਦੀਆਂ ਕਹੀਆਂ ਗੱਲਾਂ-ਜਿਸ ਘਰ ਨਿੰਮ ਦਾ ਰੁੱਖ ਹੋਵੇ, ਉਹ ਘਰ ਰੋਗਾਂ ਤੋਂ ਰਹਿਤ ਹੁੰਦਾ ਹੈ । ਪਿੰਡ ਵਿਚ ਜੇਕਰ ਕਿਸੇ ਨੂੰ ਚਮੜੀ ਦਾ ਕੋਈ ਰੋਗ ਹੋ ਜਾਂਦਾ ਤਾਂ ਉਦੋਂ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਕਿ ਨਿੰਮ ਦਾ ਰੁੱਖ ਕਿਸ ਦੇ ਵਿਹੜੇ ਲੱਗਾ ਹੈ । ਉਸ ਘਰ ਵਿਚੋਂ ਲੋਕ ਸਵੇਰ ਵੇਲੇ ਨਿੰਮ ਦੀ ਦਾਤਣ ਵੀ ਤੋੜ ਲਿਆਉਂਦੇ ਸਨ ।

ਧਰੇਕ ਦੀ ਗੂੜ੍ਹੀ ਸੰਘਣੀ ਛਾਂ ਹੋਣ ਕਾਰਨ ਬਹੁਤੇ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੀ ਰਹੀ ਹੈ । ਦੁਪਹਿਰ ਵੇਲ ਲੋਕ ਅਕਸਰ ਇਨ੍ਹਾਂ ਦੀ ਛਾਂ ਹੇਠ ਬੈਠ ਕੇ ਇਕ ਤਾਂ ਤਿੱਖੀ ਧੁੱਪ ਤੋਂ ਬਚਾਅ ਕਰਦੇ ਸਨ, ਦੂਜਾ ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰ ਲੈਂਦੇ ਸਨ । ਜਿਨ੍ਹਾਂ ਘਰਾਂ ਵਿਚ ਬੱਕਰੀਆਂ ਰੱਖੀਆਂ ਹੁੰਦੀਆਂ ਸਨ, ਉਨ੍ਹਾਂ ਘਰਾਂ ਵਿਚ ਧ੍ਰੇਕ ਦਾ ਰੁੱਖ ਵੀ ਜ਼ਰੂਰ ਹੁੰਦਾ ਸੀ । ਇਸੇ ਕਰਕੇ ਧੀਆਂ ਅਤੇ ਧਰੇਕਾਂ ਨੂੰ ਘਰ ਦੇ ਵਿਹੜੇ ਦਾ ਸ਼ਿੰਗਾਰ ਕਿਹਾ ਗਿਆ ਹੈ -

'ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ ।'

ਜੇਕਰ ਕਿਸੇ ਘਰ ਵਿਚ ਰੋਟੀ ਖਾਣ ਲਈ ਕੋਈ ਦਾਲ ਸਬਜ਼ੀ ਨਾ ਬਣਾਈ ਗਈ ਹੁੰਦੀ, ਉਹ ਕਿਸੇ ਦੂਜੇ ਘਰੋਂ ਅੰਬੀਆਂ, ਕਿਸੇ ਹੋਰ ਘਰੋਂ ਪੁਦੀਨਾ ਤੋੜ ਕੇ ਚਟਣੀ ਕੁੱਟ ਲੈਂਦੇ ਸਨ । ਇਸ ਪ੍ਰਕਾਰ ਸਾਡੇ ਪੇਂਡੂ ਜਨ-ਜੀਵਨ ਵਿਚ ਰੁੱਖਾਂ ਨਾਲ ਭਾਈਚਾਰਕ ਸਾਂਝ ਬੜੀ ਪੀਡੀ ਹੁੰਦੀ ਰਹਿੰਦੀ ਸੀ ।

ਪਰੰਤੂ ਅੱਜ ਦੇ ਸਮੇਂ ਇਹ ਰੁੱਖ ਕੇਵਲ ਸਾਡੇ ਘਰਾਂ ਵਿਚੋਂ ਹੀ ਅਲੋਪ ਨਹੀਂ ਹੋਏ, ਸਗੋਂ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਉੱਤੋਂ, ਸ਼ਾਮਲਾਟਾਂ ਵਿਚੋਂ, ਖੇਤਾਂ ਵਿਚ ਪਾਣੀ ਦੀਆਂ ਮੋਟਰਾਂ ਉੱਤੋਂ, ਖਾਲਾਂ, ਵੱਟਾਂ ਉੱਤੋਂ, ਸਕੂਲਾਂ ਕਾਲਜਾਂ ਵਿਚੋਂ ਸੜਕਾਂ ਕੰਢਿਓਂ, ਕੱਸੀਆਂ, ਸੂਇਆਂ, ਨਹਿਰਾਂ ਦੇ ਕੰਢਿਆਂ ਉੱਤੋਂ ਵੀ ਅਲੋਪ ਹੁੰਦੇ ਜਾ ਰਹੇ ਹਨ । ਇੱਥੇ ਪੰਜਾਬ ਦੀ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਦੀ ਇਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ-

'ਪੰਛੀ ਤਾਂ ਉੱਡ ਗਏ ਨੇ,
ਰੁੱਖ ਵੀ ਸਲਾਹਾਂ ਕਰਦੇ,
ਚਲੋ ਏਥੋਂ ਚੱਲੀਏ ।'

ਸੱਚ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਹੀ ਪ੍ਰਕਿਰਤੀ ਦਾ ਸਭ ਤੋਂ ਖਤਰਨਾਕ ਦੁਸ਼ਮਣ ਬਣ ਬੈਠਾ ਹੈ । ਸਮੁੱਚੇ ਸਮਾਜ ਵਿਚ ਪ੍ਰਦੂਸ਼ਣ ਫੈਲਾਉਣ ਲਈ ਉਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ । ਮਨੁੱਖ ਨੇ ਆਪਣੀ ਲਾਲਚੀ ਸਵਾਰਥੀ ਪ੍ਰਵਿਰਤੀ ਕਾਰਨ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕੀਤੀ ਹੈ ਤੇ ਹੁਣ ਦੀ ਕੀਤੀ ਜਾ ਰਹੀ ਹੈ । ਸੜਕਾਂ ਚੌੜੀਆਂ ਕਰਨ ਦੇ ਨਾਂ ਉੱਤੇ ਲੱਖਾਂ ਕਰੋੜਾਂ ਰੁੱਖਾਂ ਉੱਤੇ ਆਰਾ ਫੇਰਿਆ ਜਾ ਰਿਹਾ ਹੈ । ਇਸੇ ਤਰ੍ਹਾਂ ਆਪਣੇ ਸਵਾਰਥਾਂ ਦੀ ਸਿੱਧੀ ਲਈ ਮਨੁੱਖ ਨੇ ਬੜੀ ਬੇਰਹਿਮੀ ਨਾਲ ਧਰਤੀ ਅੰਦਰਲੇ ਪਾਣੀ ਨੂੰ ਬਾਹਰ ਖਿੱਚ ਲਿਆ ਹੈ ਅਤੇ ਬੜੀ ਬੇਦਰਦੀ ਨਾਲ ਉਸ ਨੂੰ ਬਰਬਾਦ ਕੀਤਾ ਜਾ ਰਿਹਾ ਹੈ । ਇਸੇ ਕਰਕੇ ਹੁਣ ਪਾਣੀ ਦਾ ਪੱਧਰ ਏਨਾ ਹੇਠਾਂ ਚਲਾ ਗਿਆ ਹੈ ਕਿ ਸਥਿਤੀ ਭਿਆਨਕਤਾ ਤੋਂ ਅੱਗੇ ਲੰਘ ਕੇ ਖਤਰਨਾਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ ।

ਮਨੁੱਖ ਨੇ ਆਪਣੀ ਸਵਾਰਥੀ ਮਤਲਬਪ੍ਰਸਤ ਰੁਚੀ ਕਾਰਨ ਫਸਲਾਂ ਦਾ ਵਧੇਰੇ ਝਾੜ ਲੈਣ ਲਈ ਵੱਖ-ਵੱਖ ਪ੍ਰਕਾਰ ਦੀਆਂ ਬੇਤਹਾਸ਼ਾ ਜ਼ਹਿਰਾਂ ਛਿੜਕ ਕੇ ਧਰਤੀ ਨੂੰ ਪੂਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ । ਆਪਣੀ ਇਸੇ ਲਾਲਚੀ ਪ੍ਰਵਿਰਤੀ ਕਾਰਨ ਉਹ ਹਾੜ੍ਹੀ ਸਾਉਣੀ ਦੀ ਫਸਲ ਵੱਢਣ ਉਪਰੰਤ ਨਾੜ ਨੂੰ ਅੱਗ ਲਾ ਕੇ ਸਾੜਨ ਲੱਗ ਪਿਆ ਹੈ । ਇਸ ਤਰ੍ਹਾਂ ਅੱਗ ਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਘਟਦੀ ਹੀ ਹੈ, ਇਸ ਦੇ ਨਾਲ ਹੀ ਮਨੁੱਖ ਦੇ ਬਹੁਤ ਸਾਰੇ ਮਿੱਤਰ ਜੀਵ, ਕੀੜੇ ਮਕੌੜੇ ਵੀ ਅੱਗ ਵਿਚ ਸੜ ਸੁੱਕ ਜਾਂਦੇ ਹਨ । ਹਜ਼ਾਰਾਂ ਲੱਖਾਂ ਪੰਛੀ ਆਲ੍ਹਣਿਆਂ ਸਮੇਤ ਇਸ ਬਲਦੀ ਅੱਗ ਵਿਚ ਸੜ ਕੇ ਸੁਆਹ ਹੋ ਜਾਂਦੇ ਹਨ । ਹੁਣ ਸਵਾਲ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਏਨਾ ਜ਼ਾਲਮ, ਬੇਫਿਕਰ, ਨਿਰਦਈ, ਸੰਵੇਦਨਹੀਣ ਕਿਉਂ ਹੋ ਗਿਆ ਹੈ ? ਉਹ ਆਪ ਹੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦੀ ਦੇ ਮੂੰਹ ਕਿਉਂ ਧੱਕ ਰਿਹਾ ਹੈ ?

ਜੇਕਰ ਰੁੱਖ ਹੀ ਨਹੀਂ ਰਹਿਣਗੇ ਤਾਂ ਇਸ ਧਰਤੀ ਉੱਤੇ ਕੇਵਲ ਮਨੁੱਖੀ ਜਨ-ਜੀਵਨ ਨੂੰ ਹੀ ਨਹੀਂ, ਸਗੋਂ ਹਰੇਕ ਪ੍ਰਾਣੀ ਦੇ ਜਿਊਂਦੇ ਰਹਿਣ ਦੀ ਸੰਭਾਵਨਾ ਹੀ ਖਤਮ ਹੋ ਜਾਣੀ ਹੈ । ਇਸ ਲਈ ਆਓ, ਆਪਾਂ ਸਾਰੇ ਰਲ ਬੈਠ ਇਸ ਧਰਤੀ ਨੂੰ ਸੋਹਣੀ ਅਤੇ ਹਰਿਆਵਲ ਭਰਪੂਰ ਬਣਾਉਣ ਲਈ ਪ੍ਰਣ ਕਰੀਏ । ਆਪਣੀ ਲਾਲਚੀ ਪ੍ਰਵਿਰਤੀ ਦਾ ਤਿਆਗ ਕਰੀਏ । ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਫਿਕਰਮੰਦ ਹੋਈਏ । ਘਰ ਘਰ, ਗਲੀ ਗਲੀ, ਪਿੰਡ ਪਿੰਡ, ਖੇਤ ਖੇਤ ਨਵੇਂ ਪੌਦੇ ਲਾ ਕੇ ਭਰ ਦੇਈਏ । ਉਨ੍ਹਾਂ ਨੂੰ ਉਸੇ ਤਰ੍ਹਾਂ ਪਾਲੀਏ, ਜਿਵੇਂ ਅਸੀਂ ਆਪਣੇ ਘਰਾਂ ਅੰਦਰ ਛੋਟੇ ਬੱਚਿਆਂ ਨੂੰ ਪਾਲਦੇ ਹਾਂ । ਅਵਾਰਾ ਪਸ਼ੂਆਂ ਤੋਂ ਉਨ੍ਹਾਂ ਨੂੰ ਬਚਾਈਏ ਅਤੇ ਇਸ ਧਰਤੀ ਨੂੰ ਰਹਿਣ ਜੋਗੀ ਕਰ ਲਈਏ ।

# ਝੋਨੇ ਦੀ ਸਿੱਧੀ ਬਿਜਾਈ ਵਿੱਚ ਨਦੀਨਾਂ ਦੀ ਰੋਕਥਾਮ

★ ਸਿੱਧੀ ਬਿਜਾਈ ਵਾਲੇ ਝੋਨੇ ਵਿਚ ਨਦੀਨਾਂ ਦੀ ਸਮੱਸਿਆ ਕੱਦੂ ਵਾਲੇ ਝੋਨੇ ਨਾਲੋਂ ਜ਼ਿਆਦਾ ਹੁੰਦੀ ਹੈ । ਪਰ ਜੇਕਰ ਸਹੀ ਸਮੇਂ ਤੇ ਸਿਫਾਰਿਸ਼ ਕੀਤੇ ਅਨੁਸਾਰ ਨਦੀਨ ਪ੍ਰਬੰਧ ਕੀਤਾ ਜਾਵੇ ਤਾਂ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ ।

★ ਝੋਨੇ ਦੀ ਸਿੱਧੀ ਬਿਜਾਈ ਤਰ-ਵੱਤਰ ਵਿਧੀ ਨਾਲ ਕਰਨ ਦੀ ਤਰਜੀਹ ਦਿਉ । ਇਸ ਵਿਧੀ ਨਾਲ ਬੀਜੇ ਝੋਨੇ ਵਿਚ ਪਹਿਲਾ ਪਾਣੀ ਤਕਰੀਬਨ ਬਿਜਾਈ ਤੋਂ 21 ਦਿਨਾਂ ਬਾਅਦ ਲਾਇਆ ਜਾਂਦਾ ਹੈ, ਜਿਸ ਨਾਲ ਨਦੀਨ ਘੱਟ ਉੱਗਦੇ ਹਨ । ਘਾਹ ਵਾਲੇ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਉੱਤੇ ਕਾਬੂ ਪਾਉਣ ਲਈ ਬਿਜਾਈ ਸਮੇਂ ਸਟੌਂਪ/ਬੰਕਰ 30 ਈ ਸੀ (ਪੈਂਡੀਮੈਥਾਲਿਨ) 1.0 ਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਚੰਗੇ ਵਤਰ ਵਿਚ ਛਿੜਕਾਅ ਕਰੋ ।

★ ਝੋਨੇ ਦੀ ਸਿੱਧੀ ਬਿਜਾਈ ਲੱਕੀ ਸੀਡ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ, ਜੋ ਬਿਜਾਈ ਅਤੇ ਨਦੀਨਨਾਸ਼ਕ ਦਾ ਛਿੜਕਾਅ ਨਾਲੋ-ਨਾਲ ਕਰਦੀ ਹੈ । ਜੇਕਰ ਬਿਜਾਈ ਸੁੱਕੇ ਖੇਤ ਵਿਚ ਕੀਤੀ ਹੈ ਤਾਂ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਖੇਤ ਵਿਚ ਵੱਤਰ ਆਉਂਦਿਆਂ ਹੀ ਸਟੌਂਪ/ਬੰਕਰ ਨਦੀਨਨਾਸ਼ਕ ਦਾ ਛਿੜਕਾਅ ਕਰੋ ।



★ ਜੇਕਰ ਬਾਅਦ ਵਿਚ ਨਦੀਨ ਹੋ ਜਾਣ ਤਾਂ ਨਦੀਨਾਂ ਦੀ ਕਿਸਮ ਦੇ ਅਨੁਸਾਰ ਨਦੀਨਨਾਸ਼ਕ ਦੀ ਸਹੀ ਚੋਣ ਕਰਕੇ ਬਿਜਾਈ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰੋ ।

★ ਖੇਤ ਵਿਚ ਸਵਾਂਕ ਅਤੇ ਝੋਨੇ ਦੇ ਮੋਥੇ ਦੀ ਸਮੱਸਿਆ ਹੋਵੇ ਤਾਂ ਨੌਮਿਨੀਗੋਲਡ 10 ਐਸ ਸੀ (ਬਿਸਪਾਇਰੀਬੈਕ ਸੋਡੀਅਮ) 100 ਮਿਲੀਲਿਟਰ ਪ੍ਰਤੀ ਏਕੜ; ਜੇਕਰ ਗੁੜਤ ਮਧਾਨਾ, ਚੀਨੀ (ਘੋੜਾ) ਘਾਹ, ਚਿੜੀ ਘਾਹ, ਤੱਕੜੀ ਘਾਹ ਹੋਵੇ ਤਾਂ ਰਾਈਸਸਟਾਰ 6.7 ਈ ਸੀ (ਫਿਨਾਕ-ਸਾਪਰੋਪ-ਪੀ-ਇਥਾਇਲ) 400 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਵਿਚ ਘੋਲ ਕੇ ਛਿੜਕਾਅ ਕਰੋ ।

★ ਨੌਮਿਨੀਗੋਲਡ ਦਾ ਛਿੜਕਾਅ ਬਿਜਾਈ ਤੋਂ 15-20 ਦਿਨਾਂ ਬਾਅਦ ਵੀ ਕੀਤਾ ਜਾ ਸਕਦਾ ਹੈ । ਝੋਨੇ ਦੇ ਮੋਥੇ, ਗੰਢੀ ਵਾਲਾ ਡੀਲਾ/ਮੋਥਾ ਅਤੇ ਚੌੜੇ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਜਦੋਂ ਨਦੀਨ 2-4 ਪੱਤਿਆਂ ਦਾ ਹੋਵੇ ਤਾਂ 8 ਗ੍ਰਾਮ ਐਲਮਿਕਸ 20 ਡਬਲਯੂ ਪੀ (ਕਲੋਰੀਮਿਉਰਾਨ) ਇਥਾਇਲ 10%+ਮੈਟਸਲਫੂਰਾਨ ਮਿਥਾਇਲ 10%) ਦਾ ਛਿੜਕਾਅ ਕਰੋ ।

★ ਜੇਕਰ ਸਵਾਂਕ, ਝੋਨੇ ਦੇ ਮੋਥੇ, ਗੰਢੀ ਵਾਲੇ ਮੋਥੇ ਅਤੇ ਚੌੜੇ ਪੱਤੀ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ ਤਾਂ ਏਕੇਤਸੂ 43 ਡਬਲਯੂ ਜੀ (ਬਿਸਪਾਇਰੀਬੈਕ 38%+ਕਲੋਰੀਮਿਯੂਰਾਨ 2.5%+ ਮੈਟਸਲਫੂਰਾਨ 2.5%) 40 ਗ੍ਰਾਮ ਏਕੜ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਇਹਨਾਂ ਨਦੀਨਨਾਸ਼ਕਾਂ ਤੋਂ ਚੰਗੇ ਨਤੀਜੇ ਲੈਣ ਲਈ ਛਿੜਕਾਅ 2-4 ਪੱਤਿਆਂ ਦੀ ਨਦੀਨ ਅਵਸਥਾ ਤੇ ਚੰਗੇ ਵੱਤਰ ਵਿਚ ਕਰੋ ਅਤੇ ਇਕ ਹਫਤੇ ਲਈ ਖੇਤ ਵਿਚ ਨਮੀਂ ਬਰਕਰਾਰ ਰੱਖੋ ।

# ਵਾਤਾਵਰਣ ਨਾਲ ਜੁੜੇ ਅਪਰਾਧ ਦਾ ਜਲਦੀ ਨਿਪਟਾਰਾ ਹੋਵੇ



ਜਿਉਂ-ਜਿਉਂ ਭਾਰਤ ਸਮੇਤ ਪੂਰਾ ਵਿਸ਼ਵ ਵਿਕਸਤ ਹੁੰਦਾ ਜਾ ਰਿਹਾ ਹੈ, ਤਿਉਂ-ਤਿਉਂ ਵਾਤਾਵਰਣ ਦੀ ਸਿਹਤ ਵਿਗੜਦੀ ਜਾ ਰਹੀ ਹੈ। ਹਾਲਾਤ ਇਹ ਦੱਸ ਰਹੇ ਹਨ ਕਿ ਵਿਕਸਿਤ ਹੁੰਦੇ ਵਿਸ਼ਵ 'ਚ ਵਾਤਾਵਰਣ ਸਿਰਫ ਗੋਸ਼ਟੀਆਂ ਦਾ ਮੁੱਦਾ ਬਣ ਕੇ ਰਹਿ ਗਿਆ ਹੈ। ਇਹੀ ਕਾਰਨ ਹੈ ਕਿ ਲਗਾਤਾਰ ਵਾਤਾਵਰਣ ਦੀ ਹਾਲਤ ਬੜੀ ਭੈੜੀ ਹੋ ਰਹੀ ਹੈ। ਇਕ ਪਾਸੇ ਕਈ ਲੋਕ ਅਤੇ ਸੰਗਠਨ ਵਾਤਾਵਰਣ ਨੂੰ ਬਚਾਉਣ ਲਈ ਕੰਮ ਕਰ ਰਹੇ ਹਨ ਤਾਂ ਦੂਜੇ ਪਾਸੇ ਗਈ ਲੋਕ ਗਰਜ਼ਾਂ ਦੇ ਵੱਸ ਪੈ ਕੇ ਵਾਤਾਵਰਣ ਦੀ ਹਾਲਤ ਵਿਗਾੜਨ ਲਈ ਦਿਨ-ਰਾਤ ਇਕ ਕਰ ਰਹੇ ਹਨ।

ਅਜਿਹੇ ਲੋਕ ਵਾਤਾਵਰਣ ਨਾਲ ਸਬੰਧਤ ਅਪਰਾਧਾਂ 'ਚ ਸ਼ਾਮਲ ਹੋ ਕੇ ਵੀ ਸਮਾਜ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਰਹਿੰਦੇ ਹੋਏ ਭਾਸ਼ਣਬਾਜ਼ੀ ਕਰ ਰਹੇ ਹਨ। ਇਹ ਬਦਕਿਸਮਤੀ ਹੈ ਕਿ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ 'ਚ ਵਾਤਾਵਰਣ ਨਾਲ ਸਬੰਧਤ ਅਪਰਾਧਾਂ ਦੇ ਕਈ ਮਾਮਲੇ ਸੁਣਵਾਈ ਲਈ ਪੈਂਡਿੰਗ ਹਨ। ਇਸ ਦੌਰ 'ਚ ਜਿਸ ਰਫਤਾਰ ਨਾਲ ਵਾਤਾਵਰਣੀ ਅਪਰਾਧ ਵਧ ਰਹੇ ਹਨ, ਉਸ ਰਫਤਾਰ ਨਾਲ ਇਨ੍ਹਾਂ ਦਾ ਨਿਪਟਾਰਾ ਨਹੀਂ ਹੋ ਰਿਹਾ ਹੈ।

ਅੱਜ ਵਾਤਾਵਰਣ ਦਾ ਖੇਤਰ ਬੜਾ ਅਪਰਾਧਿਕ ਖੇਤਰ ਬਣਦਾ ਜਾ ਰਿਹਾ ਹੈ ਪਰ ਉਸ ਨੂੰ ਦੂਜੇ ਅਪਰਾਧਾਂ ਦੀ ਤੁਲਨਾ 'ਚ ਓਨੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਵਾਤਾਵਰਣੀ ਅਪਰਾਧਾਂ ਦੇ ਨਿਪਟਾਰੇ 'ਚ ਲਾਪ੍ਰਵਾਹੀ ਵਰਤੀ ਜਾਂਦੀ ਹੈ। ਕੁਝ ਸਮਾਂ ਪਹਿਲਾਂ ਗੈਰ-ਲਾਭਕਾਰੀ ਖੋਜ ਸੰਗਠਨ 'ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ' ਨੇ ਇਕ ਰਿਪੋਰਟ 'ਚ ਦੱਸਿਆ ਸੀ ਕਿ ਦੇਸ਼ 'ਚ ਵਾਤਾਵਰਣ ਨਾਲ ਜੁੜੇ ਅਪਰਾਧ 4 ਫੀਸਦੀ ਦੀ ਦਰ ਨਾਲ ਵਧ ਰਹੇ ਹਨ।

ਹਾਲਾਂਕਿ ਇਨ੍ਹਾਂ ਮਾਮਲਿਆਂ ਦਾ ਨਿਪਟਾਰਾ ਬੜੀ ਮੱਠੀ ਰਫਤਾਰ ਨਾਲ ਹੋ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਇਨ੍ਹਾਂ ਮਾਮਲਿਆਂ ਦੇ ਨਿਪਟਾਰੇ 'ਚ ਕਈ ਦਹਾਕੇ ਲੱਗ ਜਾਣਗੇ। ਅਦਾਲਤਾਂ ਵੱਲੋਂ ਰੋਜ਼ ਇਸ ਤਰ੍ਹਾਂ ਦੇ ਮਾਮਲਿਆਂ ਦਾ ਨਿਪਟਾਰਾ ਹੋਣਾ ਜ਼ਰੂਰੀ ਹੈ।

ਕੁਝ ਸਮਾਂ ਪਹਿਲਾਂ 'ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ' ਵੱਲੋਂ ਜਾਰੀ ਇਹ ਰਿਪੋਰਟ ਵਾਤਾਵਰਣ ਦੇ ਖੇਤਰ 'ਚ ਪੈਦਾ ਹੋ ਰਹੇ ਖੋਖਲੇ ਆਦਰਸ਼ਵਾਦ ਵੱਲ ਇਸ਼ਾਰਾ ਕਰਦੀ ਹੈ। ਕੀ ਕਾਰਨ ਹੈ ਕਿ ਭਾਸ਼ਣਾਂ 'ਚ ਵਾਤਾਵਰਣ 'ਤੇ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਵਿਵਹਾਰਕ ਤੌਰ 'ਤੇ ਵਾਤਾਵਰਣੀ ਅਪਰਾਧਾਂ 'ਚ ਸ਼ਾਮਲ ਲੋਕ ਸ਼ਰੇਆਮ ਘੁੰਮਦੇ ਰਹਿੰਦੇ ਹਨ, ਦਰਅਸਲ ਵਿਸ਼ਵ ਪੱਧਰ 'ਤੇ ਕੁਝ ਪ੍ਰਚੱਲਿਤ ਵਾਤਾਵਰਣੀ ਅਪਰਾਧ ਮੰਨੇ ਜਾਂਦੇ ਹਨ। ਜੰਗਲੀ ਜੀਵ ਅਪਰਾਧ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ 'ਚ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਅਪਰਾਧ ਨਾਲ ਹਰ ਕਿਸਮ ਦੀਆਂ ਪ੍ਰਜਾਤੀਆਂ-ਥਣਧਾਰੀ, ਪੰਛੀ ਜੀਵਨ, ਰੀਂਗਣ ਵਾਲੇ ਜੀਵ, ਕੀੜੇ ਅਤੇ ਪੌਦੇ ਪ੍ਰਭਾਵਿਤ ਹੁੰਦੇ ਹਨ। ਨਾਜਾਇਜ਼ ਤੌਰ 'ਤੇ ਰੁੱਖਾਂ ਦੀ ਕਟਾਈ ਨੇ ਦੁਨੀਆਂ ਦੇ ਮਹਾਦੀਪਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਹ ਚੀਨ, ਭਾਰਤ, ਵੀਅਤਨਾਮ ਵਰਗੇ ਸਾਰੇ ਊਸ਼ਣਕਟੀਬੰਧੀ ਜੰਗਲੀ ਇਲਾਕਿਆਂ 'ਚ ਵਿਆਪਕ ਤੌਰ 'ਤੇ ਹੋ ਰਹੀ ਹੈ। ਵਿਸ਼ਵ ਦੇ ਕਈ ਹਿੱਸਿਆਂ 'ਚ ਨਜਾਇਜ਼ ਤੌਰ 'ਤੇ ਮੱਛੀਆਂ ਫੜਣੀਆਂ ਇਸੇ ਅਪਰਾਧ ਦੀ ਸ਼੍ਰੇਣੀ 'ਚ ਆਉਂਦਾ ਹੈ। ਵਾਤਾਵਰਣੀ ਅਪਰਾਧਾਂ 'ਚ ਪ੍ਰਦੂਸ਼ਣ ਸਬੰਧੀ ਅਪਰਾਧਾਂ ਦਾ ਵੀ ਵੱਡਾ ਘੇਰਾ ਹੈ। ਨਾਜਾਇਜ਼ ਕਚਰੇ ਦੀ ਸਮੱਗਲਿੰਗ ਅਤੇ ਕਲੋਰੋਫਲੋਰੋ

**ਰੋਹਿਤ ਕੌਸ਼ਿਕ**

ਕਾਰਬਨ, ਹਾਈਡ੍ਰੋਕਲੋਰੋਫਲੋਰੋਕਾਰਬਨ ਅਤੇ ਹੋਰ ਓਜ਼ੋਨ ਪਰਤ ਨੂੰ ਖਤਮ ਕਰਨ ਵਾਲੇ ਪਦਾਰਥਾਂ ਦਾ ਨਜਾਇਜ਼ ਉਤਪਾਦਨ ਅਤੇ ਵਰਤੋਂ ਵੀ ਇਸੇ ਸ਼੍ਰੇਣੀ 'ਚ ਆਉਂਦੀ ਹੈ।

ਨਜਾਇਜ਼ ਮਾਈਨਿੰਗ ਦੇ ਵਾਤਾਵਰਣ 'ਤੇ ਪੈਣ ਵਾਲੇ ਭੈੜੇ ਅਸਰਾਂ ਨੂੰ ਦੇਖਦੇ ਹੋਏ ਇਸ ਨੂੰ ਵਾਤਾਵਰਣੀ ਅਪਰਾਧ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਵਾਤਾਵਰਣੀ ਅਪਰਾਧਾਂ ਦੀਆਂ ਹੋਰ ਸੂਚੀਆਂ 'ਚ ਕੂੜਾ-ਕਰਕਟ ਅਤੇ ਰਹਿੰਦ-ਖੂੰਹਦ ਨਿਪਟਾਰਾ, ਤੇਲ ਦੇ ਤੁਪਕੇ, ਜਲ ਸੋਮਿਆਂ 'ਚ ਗਲਤ ਨਿਪਟਾਰਾ, ਵੈਟਲੈਂਡ, ਤਬਾਹੀ, ਕੀਟਨਾਸ਼ਕਾਂ ਦਾ ਅਣਉਚਿਤ ਨਿਪਟਾਰਾ ਆਦਿ ਸ਼ਾਮਲ ਹਨ।

ਦਰਅਸਲ ਵਾਤਾਵਰਣ ਦੇ ਮੁੱਦੇ ਨੂੰ ਨਿਪਟਾਉਣ ਲਈ ਬਹੁਤ ਸਾਰੇ ਕਾਨੂੰਨ ਹੋਂਦ ਵਿਚ ਹਨ ਪਰ ਉਨ੍ਹਾਂ ਦਾ ਠੀਕ ਢੰਗ ਨਾਲ ਲਾਗੂ ਕਰਨ ਨਹੀਂ ਹੁੰਦਾ ਹੈ। ਕਈ ਵਾਤਾਵਰਣੀ ਅਪਰਾਧਾਂ ਨੂੰ ਕਾਬੂ ਕਰਨ ਦੇ ਮਕਸਦ ਨਾਲ ਸੰਨ 2010 'ਚ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ. ਜੀ. ਟੀ.) ਸਥਾਪਨਾ ਕੀਤੀ ਗਈ ਸੀ।

ਹਾਲਾਂਕਿ ਐਨ. ਜੀ. ਟੀ. ਇਕ ਅਰਧਨਿਆਂਇਕ ਅਥਾਰਟੀ ਹੈ ਅਤੇ ਇਸ ਦੇ ਕੋਲ ਸੀਮਿਤ ਸ਼ਕਤੀਆਂ ਹਨ। ਆਮ ਅਦਾਲਤਾਂ 'ਤੇ ਬੋਝ ਘੱਟ ਕਰਨ ਲਈ ਐਨ. ਜੀ. ਟੀ. ਬਣਾਇਆ ਗਿਆ ਸੀ। ਇਸਦੇ ਕੋਲ ਕਾਨੂੰਨ-ਪਰਿਵਰਤਨ ਏਜੰਸੀਆਂ ਦੇ ਬਰਾਬਰ ਅਧਿਕਾਰ ਹਨ ਪਰ ਇਹ ਇਕ ਆਮ ਅਦਾਲਤ ਵਾਂਗ ਨਹੀਂ ਹੈ। ਐਨ. ਜੀ. ਟੀ. ਅਪਰਾਧ ਦੀ ਕਿਸਮ ਅਤੇ ਗੰਭੀਰਤਾ ਦੇ ਆਧਾਰ 'ਤੇ ਸਜ਼ਾ ਲਈ ਸਿਫਾਰਿਸ਼ਾਂ ਜਾਰੀ ਕਰ ਸਕਦਾ ਹੈ।

ਹਾਲਾਂਕਿ ਇਸ ਤਰ੍ਹਾਂ ਦੀ ਸਜ਼ਾ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਜਾ ਸਕਦੀ ਹੈ। ਅੱਜ ਐਨ. ਜੀ. ਟੀ. ਨੂੰ ਹੋਰ ਵੱਧ ਅਸਰਦਾਇਕ ਬਣਾਉਣ ਲਈ ਐਨ. ਜੀ. ਟੀ. ਕਾਨੂੰਨ ਦੀਆਂ ਧਾਰਾਵਾਂ ਦੀ ਸਮੀਖਿਆ ਦੀ ਲੋੜ ਹੈ। ਆਮ ਤੌਰ 'ਤੇ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਜੱਜ ਨਿਆਂਇਕ ਮੈਂਬਰਾਂ ਵਜੋਂ ਨਿਯੁਕਤ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ 15 ਸਾਲ ਦੇ ਤਜਰਬੇ ਵਾਲੇ ਭੌਤਿਕ ਵਿਗਿਆਨ 'ਚ ਡਾਕਟਰੇਟ ਅਤੇ ਇੰਜੀਨੀਅਰਿੰਗ ਗ੍ਰੈਜੂਏਟ ਵਿਅਕਤੀਆਂ ਨੂੰ ਵੀ ਮਾਹਿਰ ਵਜੋਂ ਨਿਯੁਕਤ ਕੀਤੇ ਜਾਂਦਾ ਹੈ। ਸਵਾਲ ਇਹ ਹੈ ਕਿ ਮਾਹਿਰਾਂ ਨੂੰ ਕਿਤਾਬੀ ਗਿਆਨ ਦੇ ਇਲਾਵਾ ਕਿੰਨਾ ਵਿਵਹਾਰਕ ਗਿਆਨ ਹੁੰਦਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਥਾਰਟੀ ਅਤੇ ਅਦਾਲਤਾਂ 'ਚ ਵਿਵਹਾਰਕ ਗਿਆਨ ਵਾਲੇ ਵਾਤਾਵਰਣੀ ਮਾਹਿਰਾਂ ਅਤੇ ਜੱਜਾਂ ਦੀ ਨਿਯੁਕਤੀ ਵੀ ਕੀਤੀ ਜਾਏ। ਵਾਤਾਵਰਣ ਦੇ ਸੰਦਰਭ 'ਚ ਜੱਜਾਂ ਦੀ ਸਮਝ ਵਿਕਸਤ ਕਰਨ ਲਈ ਨਿਸ਼ਚਿਤ ਵਕਫੇ 'ਤੇ ਵਰਕਸ਼ਾਪਾਂ ਵੀ ਆਯੋਜਿਤ ਕੀਤੀਆਂ ਜਾ ਸਕਦੀਆਂ ਹਨ। ਵਾਤਾਵਰਣੀ ਅਪਰਾਧਾਂ ਦੇ ਜਲਦੀ ਨਿਪਟਾਰੇ ਲਈ ਸਰਕਾਰ ਨੂੰ ਵੀ ਵਾਤਾਵਰਣੀ ਅਦਾਲਤਾਂ 'ਚ ਹੋਰ ਵੱਧ ਸਰੋਤ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।











# ਵੱਖ-ਵੱਖ ਫਲਦਾਰ ਬੂਟਿਆਂ ਦੀ ਕਿਸਮਾਂ ਬਾਰੇ ਮਹੱਤਵਪੂਰਨ ਜਾਣਕਾਰੀ

ਡਾ. ਸਵਰਨ ਸਿੰਘ ਮਾਨ, ਉਪ ਡਾਇਰੈਕਟਰ ਬਾਗਬਾਨੀ (ਰਿਟਾਇਰਡ) ਪਟਿਆਲਾ। ਮੋ : 75080-18903

ਫਲਦਾਰ ਬੂਟੇ ਘਰੇਲੂ ਪੱਧਰ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਪਹਿਲਾਂ ਉਹਨਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਲੈਣਾ ਬਹੁਤ ਹੀ ਮਹੱਤਵਪੂਰਨ ਹੈ। ਜੇਕਰ ਅਸੀਂ ਕਿਸੇ ਪ੍ਰਾਈਵੇਟ ਜਾਂ ਸਾਈਕਲ ਤੇ ਵੇਚਣ ਵਾਲੇ ਤੋਂ ਫਲਦਾਰ ਬੂਟੇ ਖਰੀਦਦੇ ਹਾਂ, ਤਾਂ ਤੁਹਾਡੇ ਲਈ ਕਾਫੀ ਨੁਕਸਾਨਦੇਹ ਹੋ ਸਕਦਾ ਹੈ ਕਿਉਕਿ ਫਲਦਾਰ ਬੂਟੇ ਨੇ



ਫਲ 4-5 ਸਾਲ ਬਾਦ ਦੇਣਾ ਹੁੰਦਾ ਹੈ ਜੇਕਰ ਕੋਈ ਕਿਸਮ ਮਾੜੀ ਨਿਕਲ ਗਈ ਤਾਂ ਤੁਹਾਡਾ ਆਰਥਿਕ ਤੌਰ ਤੇ ਕਾਫੀ ਨੁਕਸਾਨ ਹੋ ਜਾਂਦਾ ਹੈ ਜਿਵੇਂ ਬੂਟਿਆਂ ਦੀ ਖ੍ਰੀਦ ਕਰਨ ਸਮੇਂ ਖਰਚਾ, ਢੋਆ-ਢੁਆਈ, ਲੇਬਰ ਦਾ ਖਰਚਾ ਅਤੇ ਸਭ ਤੋਂ ਵੱਧ ਪ੍ਰਤੀ-ਏਕੜ ਰਕਬੇ ਵਿੱਚੋਂ 4-5 ਸਾਲ ਆਮਦਨ ਦਾ ਨਾਂ ਹੋਣਾ। ਸੋ ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ



ਆਪ ਉਕਤ ਬੂਟੇ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਫਲਦਾਰ ਬੂਟੇ ਖ੍ਰੀਦਣੇ ਚਾਹੀਦੇ ਹਨ। ਵੱਖ-ਵੱਖ ਫਲਦਾਰ ਬੂਟਿਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਹੇਠ ਲਿਖੇ (ਸਾਰਣੀ-1) ਅਨੁਸਾਰ ਹੈ।

ਉਕਤ ਫਲਦਾਰ ਬੂਟਿਆਂ ਵਿਚੋਂ ਨਿੰਬੂ ਜਾਤੀ, ਅਮਰੂਦ, ਅੰਬ, ਬੇਰ, ਲੀਚੀ, ਚੀਕੂ, ਪਪੀਤਾ, ਲੁਕਾਠ, ਖ਼ਜੂਰ ਤੇ ਬਿਲ ਆਦਿ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ।

ਇਸੇ ਤਰ੍ਹਾਂ ਨਾਖ, ਆੜੂ, ਅਲੂਚਾ, ਅਨਾਰ, ਫਾਲਸਾ ਤੇ ਅੰਜੀਰ ਜਨਵਰੀ-ਫਰਵਰੀ ਮਹੀਨੇ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ।

ਆਂਵਲਾ ਅਤੇ ਕੇਲਾ ਫਰਵਰੀ ਮਾਰਚ ਅਤੇ ਅਗਸਤ-ਸਤੰਬਰ ਮਹੀਨੇ ਕਾਮਯਾਬੀ ਨਾਲ ਉਗਾਏ ਜਾ ਸਕਦੇ ਹਨ।

ਉਕਤ ਬੂਟੇ ਘਰੇਲੂ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਇਕ ਮਹੀਨਾ ਪਹਿਲਾਂ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ ਕਿ ਕਿੰਨੇ ਫਾਸਲੇ ਤੇ ਬੂਟੇ ਲਗਾਉਣੇ ਹਨ ਅਤੇ ਉਨ੍ਹਾਂ ਦੇ ਸਟੈਂਡਰਡ ਸਾਈਜ਼ ਦੇ ਟੋਏ (3'x3') ਪੁੱਟ ਕੇ ਤਿਆਰ ਕਰ ਲੈਣੇ ਚਾਹੀਦੇ ਹਨ। ਇਸ ਤੋਂ ਬਿਨ੍ਹਾਂ ਬੂਟਿਆਂ ਦੀ ਬੁਕਿੰਗ ਸਰਕਾਰੀ ਨਰਸਰੀਆਂ ਵਿਚ ਵੀ ਪਹਿਲਾਂ ਹੀ ਕਰਵਾ ਦੇਣੀ ਚਾਹੀਦੀ ਹੈ ਨਹੀਂ ਤਾਂ ਕਈ ਵਾਰ ਮੌਕੇ ਤੇ ਸਹੀ ਕਿਸਮ ਅਤੇ ਸਾਈਜ਼ ਦੇ ਬੂਟੇ ਉਪਲਬਧ ਨਹੀਂ ਹੁੰਦੇ।

ਬਰਸਾਤ ਰੁੱਤ ਵਿੱਚ ਲੱਗਣ ਵਾਲੇ ਸਾਰੇ ਸਦਾਬਹਾਰ ਬੂਟੇ ਨਰਸਰੀ ਤੋਂ ਲਿਆਉਣ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟੇ ਲੋਡ ਕਰਨ ਤੋਂ ਪਹਿਲਾਂ ਟਰਾਲੀ/ਜੀਪ/ਰੇਹੜੀ ਆਦਿ ਵਿੱਚ ਪਹਿਲਾਂ ਪਰਾਲੀ/ਘਾਹ-ਫੂਸ ਜਾਂ ਮਿੱਟੀ ਪਾ ਲੈਣੀ ਚਾਹੀਦੀ ਹੈ ਤਾਂਕਿ ਢੋਆ-ਢੁਆਈ ਦੌਰਾਨ ਬੂਟੇ ਦੀ ਗਾਚੀ ਨਾ ਟੁੱਟ ਜਾਵੇ, ਨਹੀਂ ਤਾਂ ਜਿਸ ਕਰਕੇ ਬੂਟਿਆਂ ਦੀ ਮਰਨ ਦਰ ਕਾਫੀ ਵੱਧ ਸਕਦੀ ਹੈ। ਜੇਕਰ ਤੁਸੀਂ ਬਾਗ ਲਗਾਉਣਾ ਹੈ ਤਾਂ ਘੱਟੋ-ਘੱਟ 10% ਉਸੇ ਕਿਸਮ ਦੇ ਬੂਟੇ ਵਾਧੂ ਮਾਤਰਾ ਵਿੱਚ ਲੈਣੇ ਚਾਹੀਦੇ ਹਨ। ਨਹੀਂ ਤਾਂ ਬਾਅਦ ਵਿੱਚ ਬੂਟੇ ਮਿਲਣੇ ਮੁਸ਼ਕਿਲ ਹੋ ਜਾਂਦੇ ਹਨ। ਜੇਕਰ ਤੁਸੀਂ ਪੱਤਝੜ ਵਾਲੇ ਬੂਟੇ ਨਰਸਰੀ ਤੋਂ ਲਿਆਉਣੇ ਹਨ ਤਾਂ ਉਨ੍ਹਾਂ ਨੂੰ ਵੀ ਲਿਆਉਣ ਸਮੇਂ ਗਿੱਲੀ ਬੋਰੀ ਨਾਲ ਲਪੇਟ ਕੇ ਲਿਆਉਣੇ ਚਾਹੀਦੇ ਹਨ, ਜਿਸ ਨਾਲ ਬੂਟਿਆਂ ਦੀਆਂ ਜੜ੍ਹਾਂ ਨਹੀਂ ਸੁੱਕਦੀਆਂ ਅਤੇ ਜਖਮੀ ਨਹੀਂ ਹੁੰਦੀਆਂ। ਬੂਟੇ ਲਗਾਉਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਬੂਟੇ ਦੀ ਪਿਉਂਦ ਵਾਲੀ ਜਗ੍ਹਾਂ ਤੋਂ ਪਲਾਸਟਿਕ ਦੀ ਪੱਟੀ ਕੱਟ ਦੇਣੀ ਚਾਹੀਦੀ ਹੈ, ਨਹੀਂ ਤਾਂ ਬੂਟਾ ਵਾਧੇ ਸਮੇਂ ਘੁੱਟਿਆ ਜਾਂਦਾ ਹੈ ਅਤੇ ਬੂਟਾ ਹਨੇਰੀ ਆਉਣ ਨਾਲ ਟੁੱਟ ਜਾਂਦਾ ਹੈ। ਇਸ ਤੋਂ ਬਿਨਾਂ ਪਿਉਂਦ ਤੋਂ ਹੇਠਾਂ ਨਵੀਂ ਫੁਟੀ ਹੋਈ ਟਾਹਣੀ ਮੌਕੇ 'ਤੇ ਹੀ ਤੋੜ ਦਿਉ ਅਤੇ ਬਾਅਦ ਵਿੱਚ ਵੀ ਲਗਾਤਾਰ ਤੋੜਦੇ ਰਹੋ। ਜੇਕਰ ਬੂਟਾ ਲਾਉਣ ਤੋਂ ਪਹਿਲਾਂ ਪਿਉਂਦ ਵਾਲੀ ਦਵਾਈ ਨਹੀਂ ਪਾਈ ਤਾਂ ਹੁਣ ਪਾਣੀ ਦੇਣ ਸਮੇਂ 20 ਮਿ. ਲੀ. ਕਲੋਰੋਪਾਈਰੀਫਾਸ 20 ਈ. ਸੀ. 10 ਲੀਟਰ ਪਾਣੀ ਵਿੱਚ ਘੋਲ ਕੇ ਪਾ ਦਿਉ। ਜੇਕਰ ਬੂਟਾ ਲਗਾਉਣ ਸਮੇਂ ਟੇਡਾ ਹੁੰਦਾ ਹੈ ਤਾਂ ਉਸ ਨੂੰ ਸੋਟੀ ਗੱਡ ਕੇ ਸਹਾਰਾ ਦੇ ਦਿਉ।

**ਸਾਰਣੀ-1 : ਫਲਦਾਰ ਬੂਟੇ, ਕਿਸਮਾਂ, ਬੂਟਿਆਂ ਵਿਚਕਾਰ ਫਾਸਲਾ ਅਤੇ ਬੂਟਿਆਂ ਦੀ ਗਿਣਤੀ**

| ਲ. ਨੰ. | ਫਲਦਾਰ ਬੂਟੇ ਦਾ ਨਾਂ | ਕਿਸਮ | ਬੂਟਿਆਂ ਵਿਚਕਾਰ ਫਾਸਲਾ | ਬੂਟਿਆਂ ਦੀ ਗਿਣਤੀ / ਏਕੜ |
|---|---|---|---|---|
| 1. | ਅੰਬ | 1. ਅਮਰਪਾਲੀ, ਅਚਾਰ ਲਈ--ਰਾਮ ਕੇਲਾ<br>2. ਦੁਸਹਿਰੀ, ਮਲਕਾ, ਅਲਫੈਂਜੋ,<br>3. ਲੰਗੜਾ, ਚੌਂਸਾ, ਚੂਪਣ ਲਈ--ਗੰਗੀਆ ਸੰਧੂਰੀ, ਜੀ ਐੱਨ-1, ਜੀ ਐੱਨ-2, ਜੀ ਐੱਨ-3,ਜੀ ਐੱਨ-4,ਜੀ ਐੱਨ-5, ਜੀ ਐੱਨ-6,ਜੀ ਐੱਨ-17 ਅਤੇ ਦੇਸੀ ਅੰਬ | 20'×20'<br>25'×25'<br>30'×30' | 110<br>72<br>50 |
| 2. | ਅਮਰੂਦ | ਇਲਾਹਾਬਾਦੀ ਸਫੈਦਾ, ਪੰਜਾਬ ਸਫੈਦਾ, ਪੰਜਾਬ ਕਿਰਨ, ਪੰਜਾਬ ਪਿੰਕ, ਸ਼ਵੇਤਾ, ਹਿਸਾਰ, ਸਫੈਦਾ, ਹਿਸਾਬ ਸੁਰਖ | 20'×17'<br>20'×10' | 132<br>220 |
| 3. | ਨਿੰਬੂ ਜਾਤੀ | ਸੰਤਰਾ - ਕਿੰਨੂ, ਡੇਜ਼ੀ, ਮਰਕਟ<br>ਮਾਲਟਾ - ਮੁਸੰਮੀ, ਵਲੈਨਸੀਆ, ਜਾਫਾ, ਬਲੱਡ ਰੈੱਡ<br>ਗਰੇਪ ਫਰੂਟ : ਸਟਾਰ ਰੂਬੀ, ਰੈਡ ਬਲਸ਼, ਮਾਰਸ ਸੀਡਲੈਸ, ਡਨਕਨ, ਫਾਸਟਰ।<br>ਨਿੰਬੂ - ਪੰਜਾਬ ਬਾਰਾਮਾਸੀ ਲੈਮਨ, ਪੰਜਾਬ ਗਲਗਲ, ਪੀ.ਏ.ਯੂ. ਬਾਰਾਮਾਸੀ ਲੈਮਨ ਨੰ.1, ਯੂਰੇਕਾ, ਕਾਗਜ਼ੀ ਨਿੰਬੂ, ਮਿੱਠਾ | 20'×20'<br>20'×10' | 110<br>220 |
| 4. | ਬੇਰ | ਉਮਰਾਨ, ਸਨੌਰ ਨੰ: 2 | 25'×25' | 72 |
| 5. | ਲੀਚੀ | ਦੇਹਰਾਦੂਨ, ਕਲਕੱਤੀਆ, ਸੀਡਲੈਸ ਲੇਟ | 25'×25' | 72 |
| 6. | ਆਂਵਲਾ | ਐਨ ਏ-7, ਐਨ ਏ-10, ਬਲਵੰਤ, ਨੀਲਮ, ਕੰਚਨ, ਚਕੱਈਆ | 25'×25' | 72 |
| 7. | ਕੇਲਾ | ਗਰੈਂਡ ਨੈਨ | 6'×6' | 1230 |
| 8. | ਚੀਕੂ | ਕਾਲੀ ਪੱਤੀ, ਕਰਿਕਟ ਬਾਲ | 30'×30'<br>25'×25' | 49<br>72 |
| 9. | ਪਪੀਤਾ | ਰੈਡ ਲੇਡੀ-786 (ਹਾਈਬਰਿਡ ਵਰਾਇਟੀ ਮੇਲ ਅਤੇ ਫੀਮੇਲ ਫਲਾਵਰ ਦੋਨੋ), ਹਨੀ ਡਿਊ, ਪੂਸਾ ਡਿਲੀਸੀਅਸ, ਪੰਜਾਬ ਸਵੀਟ | 5'×5'<br>10'×5' | 1760<br>871 |
| 10. | ਅਨਾਰ | ਭਗਵਾ, ਗਨੇਸ਼, ਕੰਧਾਰੀ | 10'×10' | 440 |
| 11. | ਫਾਲਸਾ | ਲੋਕਲ ਵਰਾਇਟੀ | 5'×5'<br>10'×5' | 1760<br>871 |
| 12. | ਲੋਕਾਠ | ਗੋਲਡਨ ਯੈਲੋ, ਪੇਲ ਯੈਲੋ, ਕੈਲੇਫੋਰਨੀਆ ਅਡਵਾਂਸ | 22'×22'<br>20'×20' | 90<br>110 |
| 13. | ਅੰਜੀਰ | ਲੋਕਲ ਅਤੇ ਬਰਾਊਨ ਟਰਕੀ | 20'×20' | 110 |
| 14. | ਬਿਲ | ਲੋਕਲ ਅਤੇ ਕਾਗਜ਼ੀ | 30'×30' | 49 |
| 15. | ਨਾਖ | ਸਖਤ-ਪੱਥਰ ਨਾਖ, ਨਰਮ-ਪੰਜਾਬ ਨੈਕਟਰ, ਪੰਜਾਬ ਬਿਊਟੀ, ਪੰਜਾਬ ਗੋਲਡ, ਪੰਜਾਬ ਸੋਫਟ | 25'×25' | 72 |
| 16. | ਆੜੂ | ਸ਼ਾਨੇ ਪੰਜਾਬ, ਪ੍ਰਤਾਪ, ਫਲੋਰਡਾ ਪ੍ਰਿੰਸ, ਅਰਲੀ ਗਰੈਂਡ, ਪ੍ਰਭਾਤ, ਪੰਜਾਬ ਨੈਕਟਰੀਨ | 22'×22'<br>20'×20' | 90<br>110 |
| 17. | ਅੰਗੂਰ | ਪਰਲਿਟ, ਫਲੇਮ ਸੀਡਲੈਸ, ਬਿਊਟੀ ਸੀਡਲੈਸ, ਸੁਪੀਰੀਅਰ ਸੀਡਲੈਸ | 10'×10' | 440 |
| 18. | ਆਲੂ ਬੁਖਾਰਾ | ਕਾਲਾ ਅੰਮ੍ਰਿਤਸਰੀ, ਸਤਲੁਜ ਪਰਪਲ। | 20'×20' | 110 |

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ।**

# ਨਰਮੇ ਨੂੰ ਸੋਕਾ ਨਾ ਲੱਗਣ ਦਿਓ, ਸੋਕੇ ਵਾਲੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਜ਼ਿਆਦਾ ਹਮਲਾ

ਪੀ. ਏ. ਯੂ. ਦੇ ਮਾਹਿਰਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਦਾ ਹਰ ਹਫਤੇ ਸਰਵੇਖਣ ਕਰਦੇ ਰਹਿਣ ਅਤੇ ਲੋੜ ਮੁਤਾਬਿਕ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਰੋਕਥਾਮ ਕਰਨ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖਾਲ੍ਹਿਆਂ



ਦੀਆਂ ਵੱਟਾਂ ਅਤੇ ਬੇਕਾਰ ਪਈਆਂ ਥਾਂਵਾਂ ਵਿੱਚੋਂ ਚਿੱਟੀ ਮੱਖੀ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ। ਚਿੱਟੀ ਮੱਖੀ ਦਾ ਹਮਲਾ ਹੋਰ ਫ਼ਸਲਾਂ 'ਤੇ ਵੀ ਪਾਇਆ ਜਾਂਦਾ ਹੈ। ਇਸ ਲਈ ਇਨ੍ਹਾਂ ਫ਼ਸਲਾਂ ਉੱਪਰ ਲਗਾਤਾਰ ਸਰਵੇਖਣ ਕੀਤਾ ਜਾਵੇ। ਇਸ ਮੌਕੇ ਡਾ. ਵਿਨੈ ਪਠਾਨੀਆ ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਕੇ. ਵੀ. ਕੇ. ਨੇ ਦੱਸਿਆ ਕਿ ਇਸ ਸਾਲ ਨਰਮਾ ਪੱਟੀ ਵਿੱਚ ਗਰਮ ਰੁੱਤ ਦੀ ਮੂੰਗੀ ਦੀ ਫ਼ਸਲ ਕਾਫੀ ਵੱਡੇ ਰਕਬੇ ਵਿੱਚ ਬੀਜੀ ਗਈ ਹੈ ਅਤੇ ਚਿੱਟੀ ਮੱਖੀ ਸ਼ੁਰੂਆਤ ਵਿੱਚ ਮੂੰਗੀ 'ਤੇ ਵੱਧਦੀ ਫੁਲਦੀ ਹੈ ਅਤੇ ਬਾਅਦ ਵਿੱਚ ਇਹ ਨਾਲ ਲੱਗਦੇ ਨਰਮੇ ਦੇ ਖੇਤਾਂ ਵਿੱਚ ਹਮਲਾ ਕਰਦੀ ਹੈ। ਮੌਸਮ ਅਨੁਕੂਲ ਹੋਣ ਕਰਕੇ ਇਸ ਦਾ ਵਾਧਾ ਨਰਮੇ ਉੱਤੇ ਬਹੁਤ ਤੇਜ਼ੀ ਨਾਲ ਹੁੰਦਾ ਹੈ। ਉਨ੍ਹਾਂ ਨੇ ਨਰਮਾ ਬੀਜਣ ਵਾਲੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਮੂੰਗੀ ਦੇ ਨਾਲ ਲੱਗਦੇ ਨਰਮੇ ਦੇ ਖੇਤਾਂ ਦਾ ਸਰਵੇਖਣ ਅਤੇ ਲੋੜ ਮੁਤਾਬਿਕ ਰੋਕਥਾਮ ਕਰਨ।

ਉਨ੍ਹਾਂ ਨੇ ਦੱਸਿਆ ਕਿ ਨਰਮੇ ਦੀ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਨਾਈਟਰੋਜਨ ਖਾਦ ਦੀ ਪਹਿਲੀ ਕਿਸ਼ਤ ਜ਼ਰੂਰ ਪਾਓ ਤਾਂ ਜੋ ਫ਼ਸਲ ਦਾ ਜ਼ਰੂਰੀ ਵਾਧਾ ਹੋ ਸਕੇ। ਨਾਈਟਰੋਜਨ ਖਾਦ ਸਿਫਾਰਿਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ, ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਰਸ ਚੂਸਣ ਵਾਲੇ ਕੀੜਿਆਂ ਵਿੱਚ ਵਾਧਾ ਹੁੰਦਾ ਹੈ। ਨਰਮੇ ਦੀ ਫ਼ਸਲ ਨੂੰ ਸੋਕਾ ਨਾ ਲੱਗਣ ਦਿਓ, ਕਿਉਂਕਿ ਸੋਕੇ ਵਾਲੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ।

## ਕਦੋਂ ਕਰੋ ਕੀੜੇਮਾਰ ਦਵਾਈ ਦਾ ਛਿੜਕਾਅ

ਨਰਮੇ 'ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ, ਜਦੋਂ ਬੂਟੇ ਦੇ ਉਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ। ਉਨ੍ਹਾਂ ਨੇ ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲੀਟਰ ਕਲਾਸਟੋ, 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲੀਟਰ ਸਫੀਨਾ, 50 ਡੀ. ਸੀ. (ਆਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ. ਜੀ. (ਡਾਇਨੋਟੈਫੁਰਾਨ) ਜਾਂ 200 ਗ੍ਰਾਮ ਪੋਲੋ / ਰੂਬੀ / ਕਰੇਜ਼ / ਲੂਡੋ / ਸ਼ੋਕੂ 50 ਡਬਲਯੂ. ਪੀ. (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ. ਜੀ. (ਫਲੋਨਿਕਾਮਿਡ) ਜਾਂ 800 ਮਿਲੀਲੀਟਰ ਫੋਸਮਾਈਟ/ਈ-ਮਾਈਟ/ਵਾਲਥੀਆਨ/ਗੋਲਡਮਿਟ 50 ਈ. ਸੀ. (ਈਥੀਆਨ) ਅਤੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲੀਟਰ ਲੈਨੋ 10 ਈ. ਸੀ. (ਪਾਈਰੀਪਰੋਕਸੀਫਿਨ) ਜਾਂ 200 ਮਿਲੀਲੀਟਰ ਓਬਰੋਨ/ਵੋਲਟੇਜ਼ 22.9 ਐਸ. ਸੀ. (ਸਪੈਰੋਮੈਸੀਫਿਨ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਲਾਹ ਦਿੱਤੀ ਹੈ।




## ਫਿਰ ਸਾਹਮਣੇ ਆਇਆ ਖਾਦ ਘੋਟਾਲਾ...

# 60 ਫੀਸਦੀ ਨਮੂਨੇ ਫੇਲ, 2 ਫਰਮਾਂ 'ਤੇ ਹੀ ਕਾਰਵਾਈ

### 11 ਜ਼ਿਲ੍ਹਿਆਂ ਤੋਂ ਡੀ.ਏ.ਪੀ. ਖਾਦ ਦੇ 24 ਸੈਂਪਲ ਫੇਲ

ਪੰਜਾਬ ਵਿੱਚ ਸਹਿਕਾਰੀ ਸਭਾਵਾਂ ਰਾਹੀਂ ਕਿਸਾਨਾਂ ਨੂੰ ਮਿਲਣ ਵਾਲੀ ਡੀ. ਏ. ਪੀ. ਖਾਦ ਇੱਕ ਵਾਰ ਘਟੀਆ ਹੋਣ ਦੀ ਜਾਣਕਾਰੀ ਮਿਲੀ ਹੈ। ਖੇਤੀ ਵਿਭਾਗ ਦੀ ਨਿਗਰਾਨੀ ਹੇਠ ਚੱਲਣ ਵਾਲੀ ਇਸ ਪ੍ਰਕਿਰਿਆ ਤਹਿਤ ਭੇਜੀ ਗਈ ਡੀ. ਏ. ਪੀ. ਖਾਦ ਦੇ 60 ਫੀਸਦੀ ਨਮੂਨੇ ਫੇਲ ਹੋ ਗਏ ਹਨ। ਚੋਣ ਪ੍ਰਚਾਰ ਦੌਰਾਨ ਮਾਰਕਫੈਡ ਵੱਲੋਂ ਇਹ ਡੀ. ਏ. ਪੀ. ਖਾਦ ਖਰੀਦ ਕੇ ਪੇਂਡੂ ਸਹਿਕਾਰੀ ਸਭਾਵਾਂ ਵਿੱਚ ਭੇਜੀ ਗਈ ਸੀ। ਸ਼ੁਰੂਆਤ ਵਿੱਚ ਜ਼ਿਲ੍ਹਾ ਮੋਹਾਲੀ ਦੀ ਪੇਂਡੂ ਸਹਿਕਾਰੀ ਸਭਾਵਾਂ ਨੂੰ ਸਪਲਾਈ ਕੀਤੀ ਜਾਣ ਵਾਲੀ ਡੀ. ਏ. ਪੀ. ਖਾਦ 'ਤੇ ਉਂਗਲੀ ਉਠੀ ਸੀ। ਇੱਥੋਂ ਅੱਠ ਸੈਂਪਲ ਭਰੇ ਗਏ ਸਨ, ਜੋ ਸਾਰੇ ਫੇਲ ਹੋ ਗਏ ਹਨ। ਜਿਨ੍ਹਾਂ ਕੰਪਨੀਆਂ ਦੇ ਲਾਇਸੈਂਸ ਰੱਦ ਹੋਏ ਹਨ, ਉਨ੍ਹਾਂ ਵਿੱਚ ਮੈਸਰਜ਼ ਮਧਯ ਭਾਰਤ ਐਗਰੋ ਪ੍ਰੋਡਕਟਸ ਲਿਮਟਿਡ ਅਤੇ ਮੈਸਰਜ਼ ਕ੍ਰਿਸ਼ਨਾ ਫੋਸ਼ਮ ਪ੍ਰਾਈਵੇਟ ਲਿਮਟਿਡ ਸ਼ਾਮਿਲ ਹਨ।

ਜੈਤੋਂ ਦੀ ਸੰਤ ਸਿੰਘ ਐਂਡ ਸੰਨਜ਼ ਅਤੇ ਪਿੰਡ ਡੋਡ ਦੀ ਕੌਰ ਸਿੰਘ ਸੀਨੀਅਰ ਸੰਤ ਸਿੰਘ ਫਰਮ ਦੇ ਸੈਂਪਲ ਵੀ ਫੇਲ ਹੋਏ ਹਨ। ਫਰੀਦਕੋਟ ਦੀ ਫਰਮ ਓਮ ਪ੍ਰਕਾਸ਼ ਐਂਡ ਸੰਨਜ਼ ਅਤੇ ਆਸ਼ੂ ਅਗਰਵਾਲ ਦੇ ਸੈਂਪਲ ਘਟੀਆ ਪਾਏ ਗਏ ਹਨ। ਇਨ੍ਹਾਂ ਫਰਮਾਂ ਨੂੰ ਨੋਟਿਸ ਜਾਰੀ ਕੀਤਾ ਹੈ। ਝੋਨੇ ਲਈ ਕਰੀਬ 1.25 ਲੱਖ ਮੀਟਰਿਕ ਟਨ ਡੀ. ਏ. ਪੀ. ਦੀ ਜ਼ਰੂਰਤ ਸੀ। ਇਨ੍ਹਾਂ ਨਮੂਨਿਆਂ ਦੀ ਜਾਂਚ ਪੰਜਾਬ ਅਤੇ ਬਾਹਰ ਤੋਂ ਕੀਤੀ ਗਈ ਹੈ। ਜ਼ਿਆਦਾਤਰ ਫੇਲ ਨਮੂਨਿਆਂ ਵਿੱਚ ਡੀ. ਏ. ਪੀ. ਵਿੱਚ ਫਾਸਫੋਰਸ ਦੀ ਮਾਤਰਾ 46 ਦੀ ਬਜਾਏ 20.95 ਫੀਸਦੀ ਸੀ।

